श्रम एव जयते
NDMC
नई दिल्ली नगरपालिका परिषद

ਜੂਨ-ਜੁਲਾਈ, 2018

# ਪਾਲਿਕਾ ਸਮਾਚਾਰ


## ਨਵੀਂ ਦਿੱਲੀ











# ਇਸ ਅੰਕ ਵਿੱਚ


| | | |
|---|---|---|
| 1 | ਸੰਪਾਦਕੀ | 1 |
| 2 | ਪਰੀਸ਼ਦ ਗਤੀਵਿਧੀਆਂ | 2—12 |
| 3 | ਮੈਨੂੰ ਲੱਗਾ ਜਿਵੇਂ ਮੈਂ ਕਿਤੇ ਵੀ ਨਹੀਂ ਹਾਂ.... | 13—17 |
| 4 | ਪਹਿਲੀ ਵਾਰ ਕੀਤੀ ਪੌੜੀ ਗੜ੍ਹਵਾਲ ਯਾਤਰਾ | 18—20 |
| 5 | ਪਿਆਰੀ ਜਿਹੀ ਚਿੜੀ ਭੋਲੀ-ਭੋਲੀ ! | 21 |
| 6 | ਮੈਨੂੰ ਯਾਦ ਹੈ ਜ਼ਰਾ-ਜ਼ਰਾ | 22 |
| 7 | ਤੇਰਾ ਸਾਥ ਚਾਹੀਦਾ ਹੈ | 23 |
| 8 | ਮਨਹੂਸ | 24—28 |
| 9 | ਬਾਲ ਕਹਾਣੀ ਚਟੋਰੀ ਮੀਤੂ | 29—30 |
| 10 | ਕਹਾਣੀ ਬੰਦੇ ਦਾ ਪੁੱਤ | 31—32 |
| 11 | ਫਾੱਝਤ ਘਖੱ ਬਰਥਡੇ ਗਰਲ | 33—34 |
| 13 | ਬਾਕੀ ਸਭ ਨੂੰ ਜੋ ਮੈਂ ਕਰ ਰਿਹਾ... | 35 |
| 14 | ਮਾਂ | 36—37 |

# ਨਵੀਂ ਦਿੱਲੀ
# ਪਾਲਿਕਾ ਸਮਾਚਾਰ
# (ਦੋ ਮਾਸਿਕ)
## ਸਾਲ 47 ਅੰਕ 13-14 ਜੂਨ-ਜੁਲਾਈ, 2018


# ਸੰਪਾਦਕੀ

ਰਾਸ਼ਟਰ ਦੇ ਵਿਕਾਸ ਵਿੱਚ ਹਰੇਕ ਵਿਅਕਤੀ ਅਰਥਾਤ ਇਕ ਛੋਟੀ ਤੋਂ ਛੋਟੀ ਇਕਾਈ ਤੋਂ ਆਰੰਭ ਹੋ ਕੇ ਸੰਪੂਰਣ ਸਮਾਜ ਅਤੇ ਸੰਸਥਾਵਾਂ ਦਾ ਯੋਗਦਾਨ ਹੁੰਦਾ ਹੈ। ਵਿਵਿਧਤਾਵਾਂ ਵਿਚ ਏਕਤਾ ਦਾ ਸੰਦੇਵ ਦਵੇ ਲਈ ਸਾਡਾ ਭਾਰਤ ਰਾਸ਼ਟਰ ਦੀਆਂ ਅਭਿਲਾਸ਼ਾਵਾਂ ਨੂੰ ਪੂਰਿਆਂ ਕਰਦਾ ਹੈ। ਸਾਡੇ ਦੇਸ਼ ਵਿੱਚ ਭਿੰਨ-ਭਿੰਨ ਸ਼ਹਿਰੀ ਅਤੇ ਸਥਾਨਕ ਸੰਸਥਾਵਾਂ ਹਨ ਜੋ ਦੇਸ਼ ਦੇ ਵਿਕਾਸ ਵਿੱਚ ਆਪਣਾ-ਆਪਣਾ ਬਹੁਮੁੱਲਾ ਯੋਗਦਾਨ ਦੇ ਰਹੀਆਂ ਹਨ। ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਦੇ ਵਿਕਾਸ ਦੇ ਇਤਿਹਾਸ ਵਿੱਚ ਅਧਿਕਾਰੀਆਂ/ਕਰਮਚਾਰੀਆਂ ਦਾ ਮਹੱਤਵ- ਪੂਰਨ ਯੋਗਦਾਨ ਰਿਹਾ ਹੈ। ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਦਾ ਵੀ ਦੇਸ਼ ਦੇ ਵਿਕਾਸ ਵਿੱਚ ਉੱਘਾ ਯੋਗਦਾਨ ਰਿਹਾ ਹੈ। ਪਰਿਸ਼ਦ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਪਰਿਸ਼ਦ ਖੇਤਰ ਨੂੰ ਵਿਸ਼ਵ ਸਤਰ ਦੀ ਇਕ ਸਮਾਰਟ ਸਿਟੀ ਬਨਾਉਣ ਦੇ ਲਈ ਅਥਾਹ ਯਤਨ ਕੀਤੇ ਗਏ ਹਨ ਤੇ ਹੋਰ ਵੀ ਹੋ ਰਹੇ ਹਨ। ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਦੇਸ਼ ਦੇ ਹਿੱਤ ਅਤੇ ਕਲਿਆਣ ਕਰਨ ਅਤੇ ਵਿਸ਼ਵ ਸਤਰ ਤੇ ਪਰਿਸ਼ਦ ਨੂੰ ਅੱਗੇ ਵਧਾਉਣ ਦੇ ਲਈ ਇਕ ਰੋਲ ਮਾਡਲ ਦੇ ਰੂਪ ਵਿੱਚ ਅੱਗੇ ਆਈ ਹੈ। ਪਰਿਸ਼ਦ ਦੇ ਇਸ ਬਹੁਮੁੱਲੇ ਯੋਗਦਾਨ ਦੇ ਲਈ ਜ਼ਮੀਨੀ ਸਤਹ ਨਾਲ ਜੁੜੇ ਲੋਕਾਂ ਦਾ ਅਥਾਹ ਪ੍ਰਯਤਨ ਹੈ। ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਦੇਸ਼ ਦੇ ਵਿਕਾਸ ਦੇ ਨਾਲ-ਨਾਲ ਪਰਿਸ਼ਦ ਵਿੱਚ ਸਵਸਥ ਪਰਿਆਵਰਣ ਆਧੁਨਿਕ ਸੰਚਾਰ ਅਤੇ ਆਵਾਜਾਈ ਮਾਧਿਅਮ ਤੇ ਬੇਹਤਰ ਜੀਵਨ-ਸ਼ੈਲੀ ਨਾਲ ਯੁਕਤ ਸਮਾਰਟ ਬਨਾਉਣ ਵਿੱਚ ਆਪਣਾ ਯੋਗਦਾਨ ਦੇ ਰਹੀ ਹੈ। ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਦਾ ਖੇਤਰ ਦੇਸ਼ ਦਾ ਦਿਲ ਰਾਜਧਾਨੀ ਖੇਤਰ ਵਿਚ ਸਥਿਤ ਹੈ। ਅਤੇ ਦੇਸ਼ ਦੇ ਮਹਾਨ ਵਿਦਵਾਨਾਂ ਦੇ ਖਜ਼ਾਨਿਆਂ ਵਿੱਚ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰਕੇ ਪਰਿਸ਼ਦ ਦੇ ਸਤਰ ਨੂੰ ਉੱਚ ਸਥਾਨ ਦੇਣ ਅਤੇ ਰਾਸ਼ਟਰ ਤਰੱਕੀ ਵਿੱਚ ਆਪਣਾ ਪੂਰਨ ਯੋਗਦਾਨ ਦੇ ਰਹੀ ਹੈ।

ਰਾਸ਼ਟਰ ਦੀਆਂ ਇੱਛਾਵਾਂ ਤੇ ਆਸ਼ਾਵਾਂ ਦੇ ਅਨੁਕੂਲ ਨਾਗਰਿਕ ਵਿਕਾਸ ਸਥਾਨਕ ਨਿਕਾਏ (ਸੰਸਥਾ) ਦਾ ਯੋਗਦਾਨ ਹੈ। ਇਸੇ ਪ੍ਰਕਾਰ ਹੋਰ ਸਾਰੇ ਨਾਗਰਿਕ ਸੇਵਾਵਾਂ ਦੇ ਸਤਰ ਵੀ ਉੱਚੇ ਹੀ ਰਹੇ ਇਹ ਵੀ ਜ਼ਰੂਰੀ ਹੈ। ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਸਾਡੇ ਦੇਸ਼ ਭਾਰਤ ਦੀ ਮਹਿਕਦੀ ਬਗੀਚੀ ਵਿੱਚ ਸਵਸਥ, ਸਬਲ ਨਾਗਰਿਕ ਪੁਸ਼ਪਾਂ ਦੇ ਵਿਕਾਸ ਦੇ ਲਈ ਹਮੇਸ਼ਾ ਪ੍ਰਯਤਨਸ਼ੀਲ ਹੈ। ਪਾਲਿਕਾ ਆਪਣੇ ਨਾਗਰਿਕਾਂ ਤੇ ਵਿਸ਼ੇਸ਼ਕਰ ਕਮਜ਼ੋਰ ਵਰਗ ਦੇ ਲੋਕਾਂ ਤੇ ਜਿੰਨਾਂ ਖਰਚ ਕਰਦੀ ਹੈ, ਉਹ ਵੀ ਇਕ ਆਦਰਸ਼ ਹੈ। ਪਾਲਿਕਾ ਦੁਆਰਾ ਉੱਚੇ ਸਤਰ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸਿੱਖਿਆ ਦੇ ਖੇਤਰ ਵਿੱਚ ਵੀ ਪਾਲਿਕਾ ਦੁਆਰਾ ਉੱਚੇ ਕੀਰਤੀਮਾਨ ਪ੍ਰਾਪਤ ਕੀਤੇ ਗਏ ਹਨ। ਸਾਡੇ ਨਵਯੁਗ ਸਕੂਲ, ਜੋ ਸਮਾਜ ਦੇ ਕਮਜ਼ੋਰ ਵਰਗਾਂ ਦੇ ਹੁਸ਼ਿਆਰ ਬੱਚਿਆਂ ਦਾ ਸਤਰ ਉੱਚਾ ਚੁੱਕਣ ਦੇ ਲਈ ਹੈ, ਵਰਦਾਨ ਸਰੂਪ ਸਿੱਧ ਹੋ ਰਹੇ ਹਨ।

ਸਾਡੇ ਦੇਸ਼ ਦਾ ਕਣ-ਕਣ ਪ੍ਰਜਾਤੰਤਰ ਦੀ ਸੁਰਭੀ ਨਾਲ ਮਹਿਕਦਾ ਹੈ ਅਤੇ ਸਦਾ ਮਹਿਕਦਾ ਰਹੇਗਾ। ਸਾਡੀ ਇਹ ਆਸਥਾ ਬਣੀ ਰਹੇ। ਪੂਜਨੀਕ ਬਾਪੂ ਅਤੇ ਨਹਿਰੂ ਜੀ ਦੇ ਮਹਾਨ ਆਦਰਸ਼, ਨੇਤਾ ਜੀ ਦੀ ਹੁੰਕਾਰ, ਚੰਦਰਸ਼ੇਖਰ ਆਜ਼ਾਦ, ਭਗਤ ਸਿੰਘ, ਬਿਸਮਿਲ, ਊਧਮ ਸਿੰਘ ਵਰਗੇ ਅਣਗਿਣਤ ਦੇਸ਼ ਪ੍ਰੇਮ ਦੇ ਮਤਵਾਲੇ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕੀ ਅਸੀਂ ਭੁਲਾ ਦਿਆਂਗੇ ? ਕਦੇ ਵੀ ਨਹੀਂ। ਅਸੀਂ ਅਧਿਕਾਰਾਂ ਦੇ ਮੋਹ ਨੂੰ ਤਿਆਗ ਆਪਣੇ ਸੱਚੇ ਕਰਤੱਵ ਦੀ ਡਗਰ ਵੱਲ ਵਧਦੇ ਹੋਏ ਪ੍ਰਜਾਤੰਤਰ ਦੀ ਇਸ ਮਸ਼ਾਲ ਨੂੰ ਜਗਾ ਕੇ ਰੱਖਣਾ ਹੈ। ਦੇਸ਼ ਦੇ ਸਰਬਾਂਗੀ ਵਿਕਾਸ ਦੇ ਲਈ ਹਰ ਨਾਗਰਿਕ ਨੂੰ ਆਪਣੀ-ਆਪਣੀ ਜਗ੍ਹਾ ਵਿਆਪਕ ਦ੍ਰਿਸ਼ਟੀਕੋਣ ਨਾਲ ਆਪਣਾ ਅਨਮੋਲ ਯੋਗਦਾਨ ਦੇਣਾ ਹੈ। ਪ੍ਰਜਾਤੰਤਰ ਸਾਡੀ ਆਪਣੀ ਨਿੱਜੀ ਮੌਲਿਕ ਵਿਚਾਰਧਾਰਾ ਹੈ। ਵੈਦਿਕ ਕਾਲ ਤੋਂ ਪੰਚਾਇਤਾਂ, ਗਣਰਾਜਾਂ ਦੇ ਰੂਪ ਵਿੱਚ ਵਹਿ ਰਹੀ ਇਸ ਸੁਰਸਰੀ (ਗੰਗਾ) ਦਾ ਅੰਸ਼ ਅੱਜ ਵੀ ਸਾਡੀਆਂ ਰਗਾਂ ਵਿਚ ਦੌੜ ਰਿਹਾ ਹੈ। ਦੁਨੀਆਂ ਦੇ ਸਭ ਤੋਂ ਵੱਡੇ ਗਣਤੰਤਰ ਹਿੰਦੁਸਤਾਨ ਦੇ ਵਿਸ਼ਾਲ ਅਸਮਾਨ ਵਿੱਚ ਏਕਤਾ ਪ੍ਰੇਮ ਭਾਈਚਾਰੇ ਦਾ ਸੁਖਨ ਪ੍ਰਕਾਸ਼ ਪਾ ਕੇ ਸਾਨੂੰ ਉਲਾਸ ਤੇ ਆਨੰਦ ਦੇ ਇਹ ਆਕਾਰ ਰੂਪ ਵਿੱਚ ਰਹਿਣਾ ਹੈ ਅਤੇ ਇਕ ਲਕਸ਼ ਰਾਸ਼ਟਰ ਨੂੰ ਬਹੁਮੁੱਲੀ ਪ੍ਰਗਤੀ ਦੀ ਮੰਜ਼ਿਲ ਵੱਲ ਨਿਰੰਤਰ ਵਧਦੇ ਰਹਿਣਾ ਹੈ।ਪਾਲਿਕਾ ਦਾ ਅਪ੍ਰੈਲ-ਮਈ ਦਾ ਅੰਕ ਪੂਰੇ ਦੇਸ਼ ਵਿੱਚ ਫੈਲੇ ਸਾਡੇ ਕ੍ਰਿਪਾਲੂ ਪਾਠਕਾਂ ਅਤੇ ਪਾਲਿਕਾ ਸਮਾਚਾਰ ਨਾਲ ਵੀ ਲਗਾਵ ਰੱਖਣ ਵਾਲੇ ਮਹਾਨ ਲੋਕਾਂ ਦਾ ਸਹਿਯੋਗ, ਸਦਭਾਵਨਾ ਅਤੇ ਖਰੀ ਆਲੋਚਨਾ ਸਾਡੇ ਨਿਰੰਤਰ ਅੱਗੇ ਵਧਣ ਦੇ ਲਈ ਸਹਾਇਕ ਸੰਜੀਵਨੀ ਹੈ।

e|[; lEiknd




ਪਾਲਿਕਾ ਸਮਾਚਾਰ
ਸੁਰੱਖਿਅਕ
ਨਰੇਸ਼ ਕੁਮਾਰ ਅਧਿਅਕਸ਼
ਮੁੱਖ ਸੰਪਾਦਕ
ਰਸ਼ਮੀ ਸਿੰਘ
ਸਕੱਤਰ
ਵਿਸ਼ੇਸ਼ (ਆਭਾਰ) ਯੋਗਦਾਨ
ਗੀਤਾਲੀ ਤਾਰੇ
ਵਿੱਤ ਸਲਾਹਕਾਰ
ਮੁੱਖ ਕਾਨੂੰਨੀ ਸਲਾਹਕਾਰ
ਰਵਿੰਦਰ ਬੇਦੀ
ਉਪ ਮੁੱਖ ਸੰਪਾਦਕ
ਅਮੀਨ ਅਹਿਮਦ ਤਾਜਿਰ
ਪ੍ਰਕਾਸ਼ਕ ਸੰਪਾਦਕ
(ਮੁੱਖ ਵਿਧੀ ਸਲਾਹਕਾਰ)
ਅਨੀਤਾ ਜੋਸ਼ੀ
ਸਹਾਇਕ ਸੰਪਾਦਕ
ਰੀਮਾ ਕਾਮਰਾ
ਸਹਿਯੋਗ

# ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਵਿਚੋ ਅੰਤਰਰਾਸ਼ਟਰੀ ਯੋਗ ਦਿਵਸੋ

ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਚੌਥੇ ਅੰਤਰਰਾਸ਼ਟਰੀ ਯੋਗ ਦਿਵਸ ਦੇ ਲਈ ਬਿਲਟ-ਅਪ ਪ੍ਰੋਗਰਾਮ ਦੇ ਰੂਪ ਵਿਚ ਯੋਗ ਕੈਂਪਾਂ ਦਾ ਆਯੋਜਨ ਕਰ ਰਹੀ ਹੈ। ਇਹ ਕੈਂਪ ਤਾਲਕਟੋਰਾ ਗਾਰਡਨ ਕਰ ਰਹੀ ਹੈ। ਇਹ ਕੈਂਪ ਤਾਲਕਟੋਰਾ, ਨਹਿਰੂ ਪਾਰਕ ਅਤੇ ਲੋਧੀ ਗਾਰਡਨ ਵਿੱਚ ਪ੍ਰਤੀਦਿਨ ਸਵੇਰੇ 6.15 ਤੋਂ 7.45 ਵਜੇ ਤੱਕ ਲਗਾਇਆ ਜਾਂਦਾ ਹੈ। ਵੱਡੀ ਗਿਣਤੀ ਵਿੱਚ ਜਨ- ਸਾਧਾਰਣ ਇਸ ਦਾ ਲਾਭ ਉਠਾ ਰਹੇ ਹਨ।











INTERNATIONAL DAY OF YOGA - 2018
NEW DELHI MUNICIPAL COUNCIL







# ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਦੀ ਇਕ ਨਵੀਂ ਪਹਿਲ

ਡਿਜੀਟਲ ਡੋਰ ਨੰਬਰ ਯੂਨਿਕ ਐਡਰੈਸਿੰਗ ਰੈਵੋਲਿਉਸ਼ਨ.












# 'ਸੇ ਨੋ ਟੂ ਯੂਜ਼ ਪਲਾਸਟਿਕ ਪ੍ਰੋਗਰਾਮ'


ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ **'Say no to use Plastic'** ਪ੍ਰੋਗਰਾਮ ਦੇ ਦੌਰਾਨ ਵਿਸ਼ਵ ਪਰਿਆਵਰਣ ਦਿਵਸ ਦੇ ਮੌਕੇ 'ਤੇ ਸ੍ਰੀ ਸ੍ਰੀ ਰਵੀਸ਼ੰਕਰ ਦੁਆਰਾ ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਅਧਿਅਕਸ਼ (ਮੈਂਬਰ) ਸ੍ਰੀ ਨਰੇਸ਼ ਕੁਮਾਰ ਨੂੰ ਸਨਮਾਨਿਤ ਕੀਤਾ ਗਿਆ। ਇਸ ਅਵਸਰ 'ਤੇ ਜਨ- ਸਾਧਾਰਣ ਨੂੰ ਪਲਾਸਟਿਕ ਬੈਗ ਦੀ ਵਰਤੋਂ ਨਾ ਕਰਨ ਦੀ ਸਹੁੰ ਚੁਕਾਈ ਗਈ। ਲੋਕਾਂ ਨੂੰ ਪਲਾਸਟਿਕ ਬੈਗ ਦੇ ਦੁਸ਼ਪ੍ਰਭਾਵਾਂ ਤੋਂ ਜਾਗਰੂਕ ਕਰਵਾਇਆ ਗਿਆ।





# ਸਮਾਰਟ ਬਾਈਕ ਸਟੇਸ਼ਨ ਸ਼ੁਰੂ, ਤੁਹਾਨੂੰ ਕਿਰਾਏ 'ਤੇ ਮਿਲੇਗੀ ਸਾਈਕਲ

ਵਰਲਡ ਬਾਈਸਾਈਕਲ-ਡੇ 'ਤੇ ਕਨਾਟ ਪਲੇਸ ਵਿਚ ਮੈਗਾ ਸਾਈਕਲ ਰੈਲੀ ਕੱਢੀ ਗਈ। ਯੂਨਾਈਟਿਡ ਨੇਸ਼ਨ ਨੇ 3 ਜੂਨ ਨੂੰ ਵਰਲਡ ਬਾਈਸਾਈਕਲ-ਡੇ ਦਾ ਐਲਾਨ ਕੀਤਾ ਗਿਆ। ਉਪ-ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਰੈਲੀ ਨੂੰ ਹਰੀ ਝੰਡੀ ਵਿਖਾਈ। ਨ.ਦਿ.ਨ.ਪਾਲਿਕਾ ਪਰਿਸ਼ਦ ਅਤੇ ਸਮਾਰਟ ਬਾਈਕਰਜ਼ ਨੇ ਮਿਲ ਕੇ ਕਨਾਟ ਪਲੇਸ ਵਿੱਚ ਮੈਗਾ ਸਾਈਕਲ ਰੈਲੀ ਦਾ ਆਯੋਜਨ ਕੀਤਾ। ਉਪ-ਰਾਸ਼ਟਰਪਤੀ ਨੇ ਕਿਹਾ ਕਿ ਇਹ ਸਿਰਫ ਇਕ ਸੰਕੇਤਕ ਉਤਸਵ ਨਹੀਂ ਹੈ ਬਲਕਿ ਇਹ ਰਾਜਧਾਨੀ ਟਰਾਂਸਪੋਰਟ ਸਿਸਟਮ ਨੂੰ ਬਦਲਣ ਦੀ ਸਮਰੱਥਾਂ ਰੱਖਦਾ ਹੈ। ਇਸ ਮੌਕੇ 'ਤੇ ਪਰਿਆਵਰਣ (ਬਾਗਬਾਨੀ) ਮੰਤਰੀ ਹਰਸ਼ਵਰਧਨ ਨੇ ਕਿਹਾ ਕਿ ਨ.ਦਿ.ਨ.ਪਾਲਿਕਾ ਪਰਿਸ਼ਦ ਨੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਦੇ ਲਈ ਸਮਾਰਟ ਬਾਈਕ ਸ਼ੇਅਰਿੰਗ ਸਿਸਟਮ ਸ਼ੁਰੂ ਕੀਤਾ ਹੈ।







SmartBike


WORLD BICYCLE DAY 2018
& Unveiling of Smart Bicycle Station in NDMC Area
3rd June SUNDAY
5.30 am
at Charkha Museum
Connaught Place, New Delhi, India


SmartBike
Greenko
WORLD BICYCLE DAY 2018
& Unveiling of Smart Bicycle Station in NDMC Area
3rd June SUNDAY
5.30 am
at Charkha Museum


WORLD BICYCLE DAY 2018
3rd June SUNDAY
5.30 am
at Charkha Museum
Connaught Place, New Delhi, India



# ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਵਿਚ ਕੌਸ਼ਲ ਵਿਕਾਸ ਕੇਂਦਰ ਦਾ ਭੂਮੀ-ਪੂਜਣ ਸਮਾਰੋਹ

ਮੋਤੀ ਬਾਗ ਨਵੀਂ ਦਿੱਲੀ ਵਿੱਚ 15 ਜੂਨ 2018 ਨੂੰ ਬੇਗਮ ਜ਼ੈਦੀ ਮਾਰਕੀਟ ਵਿਸ਼ਵ ਸਤਰ ਤੇ ਕੌਸ਼ਲ ਵਿਕਾਸ ਕੇਂਦਰ ਦੇ ਨਿਰਮਾਣ ਦੇ ਲਈ ਨਵੀਂ ਦਿੱਲੀ ਉਪ-ਅਧਿਅਕਸ਼, ਸ੍ਰੀ ਕਰਣ ਸਿੰਘ ਤੰਵਰ ਦੁਆਰਾ ਭੂਮੀ ਪੂਜਨ ਸਮਾਰੋਹ ਕੀਤਾ ਗਿਆ।

ਭਾਰਤ ਅਤੇ ਵਿਦੇਸ਼ ਤੋਂ ਗਰੀਨ ਸੈਕਟਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਉਦੇਸ਼ ਲਈ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਹਿਯੋਗ ਨਾਲ ਨਵੀਨੀਕਰਣ ਊਰਜਾ ਦੇ ਖੇਤਰ ਵਿਚ ਕੌਸ਼ਲ ਵਿਕਾਸ ਕੇਂਦਰ ਦੀ ਸਥਾਪਨਾ ਕੀਤੀ ਗਈ।

ਇਸ ਮੌਕੇਂ ਤੇ ਸ੍ਰੀ ਤੰਵਰ ਨੇ ਕਿਹਾ ਕਿ ਛੱਤ ਤੇ ਖ਼ੂਬ- ਸੂਰਤੀ ਨਾਲ ਡਿਜ਼ਾਈਨ ਕੀਤੇ ਗਏ ਸੌਰ ਊਰਜਾ ਦੇ ਪੈਨਲਾਂ ਦੇ ਨਾਲ ਵਿਸ਼ਵ ਸਤਰੀ ਸੰਰਚਨਾ ਵਾਲੇ ਕੇਂਦਰ ਦਾ 2866 ਵਰਗਮੀਟਰ ਦੇ ਪਲਾਟ ਤੇ ਵਿਕਾਸ ਕੀਤਾ ਜਾਵੇਗਾ ਅਤੇ ਇਕ ਸਾਲ ਦੇ ਸਮੇਂ ਦੇ ਅੰਤਰ ਹੀ ਪੂਰਾ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਨ.ਦਿ.ਨ.ਪਾਲਿਕਾ ਪਰਿਸ਼ਦ ਨੇ ਸਿੱਖਿਆ ਦੀ ਦੁਨੀਆਂ ਅਤੇ ਪਰਸਿੱਖਿਆ (ਪ੍ਰਸਿੱਖਣ) ਨੂੰ ਕਾਰਜ ਦੀ ਦੁਨੀਆਂ ਦੇ ਨਜ਼ਦੀਕ ਲਿਆਉਣ ਲਈ ਐਸੀ ਪਹਿਲ ਕੀਤੀ ਹੈ ਤਾਂਕਿ ਮਜ਼ਬੂਤ ਭਾਰਤ ਬਣਾਇਆ ਜਾ ਸਕੇ।

ਨ.ਦਿ.ਨ.ਪਾਲਿਕਾ ਪਰਿਸ਼ਦ ਨੇ ਪਹਿਲਾਂ ਤੋਂ ਹੀ ਨਵੀਂ ਦਿੱਲੀ ਵਿਚ ਮੰਦਰ ਮਾਰਗ ਤੇ ਪ੍ਰਧਾਨ ਮੰਤਰੀ ਕੌਸ਼ਲ ਕੇਂਦਰ ਅਤੇ ਧਰਮ ਮਾਰਗ ਵਿਚ ਵਿਸ਼ੇਸ਼ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਕੇਂਦਰ ਸ਼ੁਰੂ ਕਰ ਦਿੱਤਾ ਸੀ ਜਿਥੇ ਵਿਦਿਆਰਥੀਆਂ ਨੂੰ ਸਵਾਸਥ ਦੇਖ-ਰੇਖ ਖੇਤਰ ਅਤੇ ਸੌਰ ਖੇਤਰ ਵਿਚ ਕੌਸ਼ਲ ਵਿਕਾਸ ਪ੍ਰਸਿੱਖਿਅਤ ਕੀਤਾ ਗਿਆ ਸੀ।

ਇਸ ਮੌਕੇ ਤੇ ਵਿਧਾਇਕ ਅਤੇ ਪਰਿਸ਼ਦ ਮੈਂਬਰ, ਸ੍ਰੀ ਸੁਰਿੰਦਰ ਸਿੰਘ, ਸ੍ਰੀ ਏ.ਆਰ. ਅੰਸਾਰੀ, ਮੈਂਬਰ, ਸਕੱਤਰ, ਨ.ਦਿ.ਨ.ਪਾਲਿਕਾ ਪਰਿਸ਼ਦ, ਸ੍ਰੀਮਤੀ ਰਸ਼ਮੀ ਸਿੰਘ ਅਤੇ ਨ.ਦਿ.ਨ.ਪਾਲਿਕਾ ਪਰਿਸ਼ਦ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਦੁਆਰਾ ਸਕੂਲੀ ਬੱਚਿਆਂ ਦੇ ਲਈ ਸਵੱਛ ਭਾਰਤ ਗ੍ਰੀਸ਼ਮ-ਕਾਲੀਨ (ਗਰਮੀਆਂ) ਇੰਟਰਨਸ਼ਿਪ

ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਨੇ ਭਾਰਤ ਸਰਕਾਰ ਦੁਆਰਾ ਆਰੰਭ ਕੀਤੇ ਗਏ ਸਵੱਛ ਭਾਰਤ ਗ੍ਰੀਸ਼ਮ- ਕਾਲੀਨ ਇੰਟਰਨਸ਼ਿਪ ਦੀ ਤਰਜ਼ ਤੇ 14 ਜੂਨ 2018 ਤੋਂ 30 ਜੂਨ 2018 ਤੱਕ ਐਨ.ਜੀ.ਓ. ਅਤੇ ਮੀਡੀਆ ਦੇ ਸਹਿਯੋਗ ਨਾਲ ਦਿੱਲੀ ਦੇ ਸਕੂਲਾਂ ਦੇ ਬੱਚਿਆਂ ਲਈ ਨ.ਦਿ.ਨ.ਪਾਲਿਕਾ ਪਰਿਸ਼ਦ ਨੇ ਸਵੱਛ ਭਾਰਤ ਗ੍ਰੀਸ਼ਮਕਾਲੀਨ ਇੰਟਰਨਸ਼ਿਪ ਆਰੰਭ ਕੀਤੀ ਹੈ। ਇੰਟਰਨਜ਼ ਭਾਰਤ ਵਿਚ ਸ਼ਹਿਰੀ ਸਵੱਛਤਾ ਦੇ ਨਮਿੱਤ 15 ਦਿਨਾਂ ਵਿਚ 60 ਘੰਟੇ (ਪ੍ਰਤੀਦਿਨ 4 ਘੰਟੇ) ਦਾ ਯੋਗਦਾਨ ਦਿੱਤਾ ਅਤੇ ਨ.ਦਿ.ਨ.ਪਾਲਿਕਾ ਪਰਿਸ਼ਦ ਦੇ ਇਕ ਜਾਂ ਅਧਿਕ ਖੇਤਰ ਨ.ਦਿ.ਨ.ਪਾਲਿਕਾ ਪਰਿਸ਼ਦ ਅਪਣਾਇਆ ਅਤੇ ਗਤੀਵਿਧੀਆਂ ਦਾ ਸੰਚਾਲਨ ਕੀਤਾ।

ਨ.ਦਿ.ਨ.ਪਾਲਿਕਾ ਪਰਿਸ਼ਦ ਸਵੱਛ ਭਾਰਤ ਗ੍ਰੀਸ਼ਮ ਕਾਲੀਨ ਇੰਟਰਨਸ਼ਿਪ ਦਾ ਆਰੰਭ 14 ਜੂਨ 2018 ਨੂੰ ਸੈਂਟਰਲ ਪਾਰਕ, ਕਨਾਟ ਪਲੇਸ ਵਿਚ ਸ਼੍ਰੀਮਤੀ ਰਸ਼ਮੀ ਸਿੰਘ, ਸਕੱਤਰ ਨ.ਦਿ.ਨ.ਪਾਲਿਕਾ ਪਰਿਸ਼ਦ ਦੁਆਰਾ ਕੀਤਾ ਗਿਆ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਉਹਨਾਂ ਦੇ ਪਰਿਵਾਰ, ਸਮਾਜ ਅਤੇ ਰਾਸ਼ਟਰ ਦੇ ਲਈ ਆਪਣੀ ਜੀਵਨ-ਸ਼ੈਲੀ ਵਿਚ ਬ੍ਰਾਂਡ ਅੰਬੈਂਸਡਰ ਬਣਨ ਦੇ ਲਈ ਪ੍ਰੇਰਿਤ ਕੀਤਾ। ਸ੍ਰੀ ਅਰ.ਪੀ. ਗੁਪਤਾ, ਨਿਦੇਸ਼ਕ ਸਿੱਖਿਆ ਨ.ਦਿ.ਨ.ਪਾਲਿਕਾ ਪਰਿਸ਼ਦ ਨੇ ਬੱਚਿਆਂ ਨੂੰ ਸਮਾਜ ਵਿਚ ਆਪਣਾ ਯੋਗਦਾਨ ਦੇਣ ਦੇ ਇਸ ਸਵਰਨ ਅਵਸਰ ਦਾ ਉਪਯੋਗ ਕਰਨ ਅਤੇ ਨ.ਦਿ.ਨ.ਪਾਲਿਕਾ ਪਰਿਸ਼ਦ ਖੇਤਰ ਵਿਚ ਦੁਕਾਨਦਾਰਾਂ ਨੂੰ ਪਲਾਸਟਿਕ/ਪੋਲੀਥੀਨ ਦੇ ਉਪਯੋਗ ਤੇ ਰੋਕ ਲਗਾਉਣ ਦੇ ਲਈ ਪ੍ਰੋਤਸਾਹਿਤ ਕਰਨ ਦੇ ਲਈ ਪ੍ਰੇਰਿਤ ਕੀਤਾ ਅਤੇ ਇੰਟਰਨਜ਼ ਨੂੰ ਸਮਾਜ ਨੂੰ ਸਫਾਈ ਅਤੇ ਸਵੱਛਤਾ ਦੀਆਂ ਆਦਤਾਂ ਅਰਥਾਤ ਵਿਓਹਾਰ-ਪਰਿਵਰਤਨਾਂ ਤੇ ਧਿਆਨ ਦੇਣ ਦੇ ਲਈ ਵੀ ਕਿਹਾ। ਡਾ. ਸ਼ਕੁੰਤਲਾ ਸ਼੍ਰੀਵਾਸਤਵ, ਸਵਾਸਥ ਅਤੇ ਚਿਕਿਤਸਾ ਅਧਿਕਾਰੀ ਨੇ ਇੰਟਰਨਸ਼ਿਪ ਦੇ ਦੌਰਾਨ ਕੀਤੀਆਂ ਜਾਣ ਵਾਲੀਆਂ ਭਿੰਨ-ਭਿੰਨ ਗਤੀਵਿਧੀਆਂ ਦੇ ਸੰਬੰਧ ਵਿਚ ਇੰਟਰਨਜ਼ ਨੂੰ ਜਾਣਕਾਰੀ ਦਿੱਤੀ। ਨ.ਦਿ.ਨ.ਪਾਲਿਕਾ ਪਰਿਸ਼ਦ ਦਾ ਸਵਾਸਥ ਵਿਭਾਗ ਅਤੇ ਉਦਿਆਨ ਵਿਭਾਗ ਸਾਰੀ ਇੰਟਰਨਸ਼ਿਪ ਕਾਰਜਕਾਲ ਦੀ ਨਿਗਰਾਨੀ ਵਿਚ ਸਿੱਖਿਆ ਵਿਭਾਗ ਨੂੰ ਪੂਰਣ ਸਹਿਯੋਗ ਦਿੱਤਾ। ਸੁੱਕੇ ਅਤੇ ਗਿੱਲੇ ਕੂੜੇ ਨੂੰ ਅਲੱਗ ਕਰਨ ਦੀ ਮਹੱਤਤਾ ਅਤੇ ਵਾਓ (ਰੁ+ਰੁ) ਦੇ ਕਾਰਜ-ਕਾਲਾਂ ਦੁਆਰਾ ਸਟਰੀਟ ਪਲੇ ਵੀ ਕੀਤਾ ਗਿਆ।









ਇੰਟਰਨਜ਼ ਨੂੰ ਸਵੱਛਤਾ, ਮੌਸਮ ਪਰਿਵਰਤਨ, ਜਲ ਸੰਸ਼ੋਧਨ ਆਦਿ ਨਾਲ ਸੰਬੰਧਤ ਵਿਸ਼ਿਆਂ ਤੇ ਆਪਣੇ-ਆਪਣੇ ਸਟਰੀਟ ਪਲੇ ਪ੍ਰਸਤੁਤ ਕਰਨ ਦੇ ਲਈ ਨਿਰਦੇਸ਼ਤ ਕੀਤਾ ਗਿਆ।

ਦਿੱਲੀ ਦੇ ਵੱਖ-ਵੱਖ ਸਕੂਲਾਂ ਦੇ 150 ਵਿਦਿਆਰਥੀਆਂ ਨੂੰ ਇੰਟਰਨਸ਼ਿਪ ਦੇ ਰੂਪ ਵਿਚ ਚੁਣਿਆ ਗਿਆ ਜਿਨ੍ਹਾਂ ਨੂੰ ਨ.ਦਿ.ਨ.ਪਾਲਿਕਾ ਪਰਿਸ਼ਦ ਦੁਆਰਾ ਟੀ ਸ਼ਰਟ ਅਤੇ ਕੈਪ ਪ੍ਰਦਾਨ ਕੀਤੀ ਗਈ। ਉਹਨਾਂ ਨੇ 14 ਜੂਨ 2018 ਨੂੰ ਇਨਰ ਸਰਕਲ, ਕਨਾਟ ਪਲੇਸ ਤੇ ਸਵੱਛਤਾ ਸੰਬੰਧੀ ਅਲੱਗ-ਅਲੱਗ ਵਿਸ਼ਿਆਂ ਤੇ ਜਾਗਰੂਕਤਾ ਪੈਦਾ ਕਰਨ ਦੇ ਲਈ ਦੁਕਾਨਦਾਰਾਂ ਦੇ ਨਾਲ ਬੈਠਕਾਂ ਕੀਤੀਆਂ। ਕਨਾਟ ਪਲੇਸ ਦੇ ਆਊਟਰ ਸਰਕਲ ਨੂੰ 15 ਜੂਨ 2018 ਨੂੰ ਕਵਰ ਕੀਤਾ ਗਿਆ। ਚਿੱਤਰਕਲਾ ਦੇ ਰੂਪ ਵਿਚ ਕਲਾ ਦਾ ਪ੍ਰਯੋਗ ਕਰਕੇ ਸਰਵਜਨਿਕ ਖੇਤਰਾਂ ਦੇਸੌਂਦਰੀਕਰਣ ਇੰਡੀਆ ਗੇਟ ਤੇ 17 ਜੂਨ ਦੀ ਸ਼ਾਮ ਨੂੰ ਕੀਤਾ ਗਿਆ। ਨਹਿਰੂ ਪਾਰਕ ਅਤੇ ਲੋਧੀ ਗਾਰਡਨ ਤੇ ਜੋਗਰਜ਼ ਨੂੰ ਪਲੋਗਿੰਗ (ਸ਼;ਰਪਪਜਅਪ) ਕਰਨ ਦੇ ਲਈ ਪ੍ਰੇਰਿਤ ਕੀਤਾ ਗਿਆ। ਪਲੋਗਿੰਗ (ਸ਼;ਰਪਪਜਅਪ), ਕੂੜਾ ਚੁੱਕਣ ਦੇ ਨਾਲ ਜੋਗਿੰਗ ਦਾ ਸੰਯੋਜਨ ਹੈ, ਇਸੇ ਲਈ ਸਵੱਛਤਾ ਨੂੰ ਤਰੱਕੀ ਦੇਣ ਦਾ ਇਕ ਦੋਹਰਾ ਉਦੇਸ਼ ਨਿਭਾਉਂਦਾ ਹੈ।

ਸਾਰੇ ਭਾਗੀਦਾਰਾਂ ਨੂੰ ਨ.ਦਿ.ਨ.ਪਾਲਿਕਾ ਪਰਿਸ਼ਦ ਦੁਆਰਾ ਉਹਨਾਂ ਦੇ ਇੰਟਰਨਸ਼ਿਪ ਨੂੰ ਪੂਰਾ ਕਰਨ ਤੇ 2000 ਰੁਪਏ ਦੀ ਨਕਦ ਰਾਸ਼ੀ ਅਤੇ ਸਵੱਛ ਭਾਰਤ ਇੰਟਰਨਸ਼ਿਪ ਪ੍ਰਮਾਣ-ਪੱਤਰ ਦਿੱਤਾ ਗਿਆ। ਸੰਸਥਾਨ ਦੇ ਭਾਗੀਦਾਰਾਂ ਨੂੰ ਸਕੂਲੀ ਪਾਠਕ੍ਰਮ ਵਿੱਚ ਪਰਿਯੋਜਨਾ ਕਾਰਜ ਦੇ ਲਈ ਸੀ.ਬੀ.ਐਸ.ਈ. ਦੁਆਰਾ ਵੰਡੇ ਗਏ ਅਤੇ 140 ਅੰਕ ਪ੍ਰਦਾਨ ਕੀਤੇ ਗਏ।

ਨ.ਦਿ.ਨ.ਪਾਲਿਕਾ ਪਰਿਸ਼ਦ ਸਤਰ ਤੇ 3 ਸਰਵਸ੍ਰੇਸ਼ਠ ਇੰਟਰਨ-ਸਮੂਹਾਂ ਨੂੰ ਮਾਨਤਾ ਦਿੱਤੀ ਗਈ ਅਤੇ ਸ਼ੀਲਡ ਅਤੇ ਪ੍ਰਮਾਣ-ਪੱਤਰ ਦੇ ਨਾਲ ਨਕਦ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਤਿੰਨ ਇਨਾਮੀ ਵਿਜੇਤਾਵਾਂ ਨੂੰ ਰਾਜ ਅਤੇ ਰਾਸ਼ਟਰੀ ਸਤਰ ਤੇ ਪੁਰਸਕਾਰਾਂ ਦੇ ਲਈ ਵਿਚਾਰ ਕਰਨ ਦੇ ਲਈ ਅਗਲੇ ਸਤਰ ਤੇ ਭੇਜਿਆ ਜਾਏਗਾ।



# ਪਾਲਿਕਾ ਪਰਿਸ਼ਦ ਅਤੇ ਸਲੀਪਵੈਲ ਫਾਊਂਡੇਸ਼ਨ ਨੇ ਮਿਲ ਕੇ ਮਨਾਇਆ 'ਵੈਲਨੇਸ ਵੀਕ'

ਨ.ਦਿ.ਨ.ਪਾਲਿਕਾ ਪਰਿਸ਼ਦ ਅਤੇ ਸਲੀਪਵੈਲ ਫਾਊਂਡੇਸ਼ਨ ਨੇ ਮਿਲ ਕੇ 17 ਜੂਨ ਤੋਂ 23 ਜੂਨ ਤੱਕ 'ਵੈਲਕਮ ਵੀਕ' ਮਨਾਇਆ। ਜਿਸ ਵਿਚ ਨਵੀਂ ਦਿੱਲੀ ਵਿਚ ਰਹਿਣ ਵਾਲੇ ਅਤੇ ਉੱਥੇ ਆਵਾਗਾਮਨ ਕਰਨ ਵਾਲੇ ਲੋਕਾਂ ਦੇ ਨਾਲ-ਨਾਲ ਵਿਭਿੰਨ ਖੇਤਰੀ ਹਿਤਕਾਰੀਆਂ ਨੂੰ ਉਹਨਾਂ ਦੇ ਵਿਅਕਤੀਗਤ ਵਿਉਹਾਰ ਦੇ ਪ੍ਰਤੀ ਵੀ ਜਾਗਰੂਕ ਕੀਤਾ ਗਿਆ।

23 ਜੂਨ ਦੀ ਵੈਲਨੇਸ ਵੀਕ ਦੇ ਸਮਾਪਨ 'ਤੇ ਇਕ ਸਮੁਦਾਇਕ (ਸਮਾਜਿਕ) ਸਵਾਸਥ ਕਾਰਜਕਾਲ ਦਾ ਵੀ ਆਯੋਜਨ ਕੀਤਾ। ਇਸ ਮੌਕੇ ਤੇ ਪਰਿਸ਼ਦ ਸਕੱਤਰ ਸੁਸ਼੍ਰੀ ਰਸ਼ਮੀ ਸਿੰਘ ਨੇ ਦੱਸਿਆ ਕਿ 'ਅਸਲੀ ਹੀਰੋ ਕੈਂਪੇਨ' ਥੀਮ ਤੇ ਨ.ਦਿ.ਨ.ਪਾਲਿਕਾ ਪਰਿਸ਼ਦ ਨੇ ਸਟਰੀਟ ਆਰਟ ਪ੍ਰੋਜੈਕਟ ਵੀ ਲਾਂਚ ਕੀਤਾ ਹੈ।











# ਨ.ਦਿ.ਨ. ਪਾਲਿਕਾ ਪਰਿਸ਼ਦ ਦੁਆਰਾ ਲਕਸ਼ਮੀ ਬਾਈ ਨਗਰ ਵਿਚ ਸਾਰਵਜਨਿਕ ਲਾਇਬ੍ਰੇਰੀ ਦਾ ਉਦਘਾਟਨ

ਨ.ਦਿ.ਨ.ਪਾਲਿਕਾ ਪਰਿਸ਼ਦ ਨੇ ਏਂਜਲਿਕ ਫਾਉਂਡੇਸ਼ਨ ਦੇ ਸਹਿਯੋਗ ਨਾਲ ਲਕਸ਼ਮੀ ਬਾਈ ਨਗਰ ਵਿਚ ਇਕ ਸਾਰਵਜਨਿਕ ਲਾਇਬ੍ਰੇਰੀ ਦਾ ਸ਼੍ਰੀਮਤੀ ਮ੍ਰੀਨਾਕਸ਼ੀ ਲੇਖੀ ਮਾਣਯੋਗ ਸੰਸਦ ਮੈਂਬਰ ਅਤੇ ਪਰਿਸ਼ਦ ਮੈਂਬਰ ਦੁਆਰਾ 19 ਜੂਨ 2018 ਨੂੰ ਉਦਘਾਟਨ ਕੀਤਾ ਗਿਆ। ਇਸ ਮੌਕੇ ਤੇ ਪਰਿਸ਼ਦ ਅਧਿਅਕਸ਼ ਸ੍ਰੀ ਨਰੇਸ਼ ਕੁਮਾਰ, ਪਰਿਸ਼ਦ ਮੈਂਬਰ ਸ੍ਰੀ ਸੁਰੇਂਦਰ ਸਿੰਘ, ਸ੍ਰੀ ਕਰਣ ਸਿੰਘ ਤੰਵਰ, ਡਾ. ਅਨੀਤਾ ਆਰੀਆ, ਸ੍ਰੀ ਬੀ.ਐਸ. ਭਾਟੀ ਅਤੇ ਸ੍ਰੀ ਅੰਸਾਰੀ ਵੀ ਮੌਜੂਦ ਸਨ।





# ਕਹਾਣੀ ਮੈਨੂੰ ਲੱਗਾ ਜਿਵੇਂ ਮੈਂ ਕਿਤੇ ਵੀ ਨਹੀਂ ਹਾਂ....

— ਰਾਜੇਸ਼ ਗੁਪਤਾ

ਜ਼ਿੰਦਗੀ ਤੇ ਵਕਤ ਦਾ ਪਹੀਆ ਕਈ ਸਦੀਆਂ ਤੋਂ ਸਮਾਨਾਂਤਰ ਚਾਲ ਚਲਦਾ ਆ ਰਿਹਾ ਹੈ। ਜ਼ਿੰਦਗੀ ਦੇ ਪਹੀਏ ਦੀ ਚਾਲ ਕਦੇ ਮੰਦ ਨਹੀਂ ਪੈਂਦੀ ਬਲਕਿ ਇਕ ਸੁਰ, ਇਕ ਤਾਲ ਨਾਲ ਚਲਦੀ ਰਹਿੰਦੀ ਹੈ। ਵੈਸੇ ਵੀ ਜ਼ਿੰਦਗੀ ਵਕਤ ਨੂੰ ਨਹੀਂ ਚਲਾਉਂਦੀ ਬਲਕਿ ਵਕਤ ਜ਼ਿੰਦਗੀ ਨੂੰ ਚਲਾਉਂਦਾ ਹੈ। ਵਕਤ ਡਿਗਦੀ-ਢਹਿੰਦੀ ਜ਼ਿੰਦਗੀ ਨੂੰ ਵੀ ਨਾਲ ਲੈ ਤੁਰਦਾ ਹੈ। ਵਕਤ ਦੇ ਪਹੀਏ ਨੂੰ ਸ੍ਰਿਸ਼ਟੀ ਚਲਾਉਂਦੀ ਹੈ ਤੇ ਸ੍ਰਿਸ਼ਟੀ ਦੇ ਕਾਲ-ਚੱਕਰ ਨੂੰ ਜ਼ਿੰਦਗੀ ਅਗਾਂਹ ਲੈ ਤੁਰਦੀ ਹੈ ਤੇ ਇਨ੍ਹਾਂ ਦੋਹਾਂ ਨੂੰ ਹੀ ਕੋਈ ਅਦ੍ਰਿਸ਼-ਸ਼ਕਤੀ ਚਲਾਉਂਦੀ ਹੈ। ਇਹ ਕਿਵੇਂ ਦੀ ਅਜੀਬ ਪਹੇਲੀ ਹੈ। ਪਰ ਫਿਰ ਵੀ ਕਈ ਵਾਰ ਜ਼ਿੰਦਗੀ ਤੇ ਵਕਤ ਦੇ ਪਹੀਏ ਇਕ ਚਾਲ ਨਾਲ ਨਹੀਂ ਚਲ ਪਾਉਂਦੇ। ਸ਼ਾਇਦ ਉਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਵਕਤ ਦੇ ਪਹੀਏ ਅੱਗੇ ਕੋਈ ਔਕੜ, ਕੋਈ ਅੜਿੱਕਾ ਨਹੀਂ ਠਹਿਰ ਸਕਦਾ ਪਰ ਜ਼ਿੰਦਗੀ ਦੇ ਅੱਗੇ ਸੈਂਕੜੇ ਨਹੀਂ ਬਲਕਿ ਹਜ਼ਾਰਾਂ ਹੀ ਔਕੜ-ਅੜਿੱਕੇ ਆ ਜਾਂਦੇ ਨੇ ਜਿਸ ਨਾਲ ਇਨਸਾਨ ਨੂੰ ਨਾ ਚਾਹੁੰਦੇ ਹੋਏ ਵੀ ਦੋ-ਚਾਰ ਹੋਣਾ ਹੀ ਪੈਂਦਾ ਹੈ। ਇਹ ਜੀਵਨ ਦਾ ਕੌੜਾ ਸੱਚ ਹੈ ਜਿਸ ਨੂੰ ਸਵੀਕਾਰ ਕਰਨਾ ਹੀ ਪੈਂਦਾ ਹੈ।

ਇਵੇਂ ਹੀ ਜ਼ਿੰਦਗੀ ਨੇ ਮੈਨੂੰ ਵੀ ਚਲਾਇਆ ਹੈ ਤਰਲਿਆਂ ਤੇ ਤਸੀਹਿਆਂ ਨਾਲ, ਫਿਰ ਵੀ ਮੈਨੂੰ ਲਗਦਾ ਹੈ ਕਿ ਮੈਂ ਜ਼ਿੰਦਗੀ ਨੂੰ ਵਕਤ ਦੇ ਪਹੀਏ ਦੀ ਰਫ਼ਤਾਰ ਨਾਲ ਨਹੀਂ ਚਲਾ ਸਕਿਆ। ਇਸ ਦੇ ਕਾਰਨ ਤੁਸੀਂ ਖ਼ੁਦ ਹੀ ਤਲਾਸ਼ੋ 210ਮੈਂ ਤਾਂ ਅਜੇ ਤੱਕ ਨਹੀਂ ਭਾਲ ਸਕਿਆ।


ਇਹ ਉਸ ਵੇਲੇ ਦੀ ਗੱਲ ਹੈ ਜਦ ਮੈਂ ਕੋਈ ਵੀਹ-ਇੱਕੀ ਵਰ੍ਹੇ ਦਾ ਨੌਜਵਾਨ ਹੋਵਾਂਗਾ। ਦਿਲ ਵਿਚ ਕਈ ਤਰ੍ਹਾਂ ਦੇ ਸ਼ੌਕ, ਕਈ ਤਰ੍ਹਾਂ ਦੇ ਭਰਮ-ਭੁਲੇਖੇ ਤੇ ਕੁਝ ਕਰ ਗੁਜ਼ਰਨ ਦਾ ਜੋਸ਼ ਸੀ। ਹਾਇਰ ਸੈਕੰਡਰੀ ਕਰਨ ਤੋਂ ਬਾਅਦ ਮੈਂ ਕਾਲਜ ਵਿਚ ਦਾਖਲਾ ਲਿਆ ਹੀ ਸੀ ਕਿ ਜਲਦੀ ਹੀ ਮੇਰੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਉਹ ਬਿਜਲੀ ਬੋਰਡ ਵਿਚ ਨੌਕਰੀ ਕਰਦੇ ਸਨ। ਘਰ ਵਿਚ ਇਕਲੌਤੀ ਔਲਾਦ ਹੋਣ ਕਾਰਨ ਸਾਰੀ ਜ਼ਿੰਮੇਵਾਰੀ ਮੇਰੇ ਉੱਪਰ ਆ ਗਈ। ਵੈਸੇ ਜ਼ਿੰਮੇਵਾਰੀ ਖ਼ਾਸ ਨਹੀਂ ਸੀ ਕਿਉਂਕਿ ਮੇਰਾ ਹੋਰ ਕੋਈ ਭੈਣ-ਭਰਾ ਤਾਂ ਸੀ ਨਹੀਂ ਪਰ ਫਿਰ ਵੀ ਪਿਤਾ ਜੀ ਦੇ ਮਰਨ ਤੋਂ ਬਾਅਦ ਸੁਭਾਵਿਕ ਹੈ ਕਿ ਆਪਣੇ ਬਾਰੇ ਸਾਰੇ ਫ਼ੈਸਲੇ



ਆਪ ਹੀ ਲੈਣੇ ਪਏ। ਪਿਤਾ ਜੀ ਦੀ ਮੌਤ ਤੋਂ ਬਾਅਦ ਉਹਨਾਂ ਦੀ ਥਾਂ ਮੈਨੂੰ ਆਸਾਨੀ ਨਾਲ ਨੌਕਰੀ ਮਿਲ ਗਈ ਤੇ ਜੀਵਨ ਆਪਣੀ ਚਾਲ ਚਲਦਾ ਰਿਹਾ।

ਜ਼ਿੰਦਗੀ ਫਿਰ ਤੋਂ ਆਪਣੇ ਸੰਤੁਲਨ ਵਿਚ ਆ ਗਈ ਸੀ। ਬਸ ਜੇ ਕੋਈ ਕਮੀ ਸੀ ਤਾਂ ਸਿਰਫ਼ ਇਕ ਆਪਣੇ ਪਿਤਾ ਜੀ ਦੀ, ਜੋ ਕਦੇ ਪੂਰੀ ਨਾ ਹੋਈ ਤੇ ਨਾ ਹੀ ਉਸ ਨੂੰ ਕੋਈ ਪੂਰਾ ਕਰ ਸਕਿਆ। ਮੇਰੇ ਨਾਲੋਂ ਜ਼ਿਆਦਾ ਸ਼ਾਇਦ ਇਹ ਕਮੀ ਮੇਰੀ ਮਾਂ ਨੇ ਮਹਿਸੂਸ ਕੀਤੀ ਸੀ। ਉਸ ਨੂੰ ਮੈਂ ਜਦ ਵੀ ਵੇਖਿਆ, ਉਹ ਅਜੇ ਰੋ ਕੇ ਹੀ ਹਟੀ ਹੁੰਦੀ। ਜਦ

ਕਦੇ ਮਾਂ ਘਰ ਵਿਚ ਇਕੱਲੀ ਹੁੰਦੀ ਤਾਂ ਪਿਤਾ ਜੀ ਦੀ ਫੋਟੋ ਅੱਗੇ ਬੈਠੀ ਰੋਂਦੀ ਰਹਿੰਦੀ। ਜਦ ਕਦੇ ਮੈਂ ਅਚਾਨਕ ਘਰ ਆਉਂਦਾ ਤਾਂ ਉਹ ਜਲਦੀ ਨਾਲ ਆਪਣੇ ਹੰਝੂ ਪੂੰਝ ਲੈਂਦੀ। ਪਰ ਹੰਝੂ ਵੀ ਕਦੇ ਕਿਸੇ ਦੇ ਲੁਕੇ ਨੇ। ਵੈਸੇ ਉਹ ਬੜੇ ਮਜ਼ਬੂਤ ਦਿਲ ਵਾਲੀ ਔਰਤ ਸੀ। ਪਰ ਕੁਝ ਗ਼ਮ, ਕੁਝ ਦੁੱਖ, ਕੁਝ ਕਮੀਆਂ ਐਸੀਆਂ ਹੁੰਦੀਆਂ ਨੇ ਜੋ ਮਜ਼ਬੂਤ ਤੋਂ ਮਜ਼ਬੂਤ ਇਨਸਾਨ ਨੂੰ ਵੀ ਤੋੜ ਕੇ ਰੱਖ ਦਿੰਦੀਆਂ ਨੇ, ਪਰ ਉਹ ਟੁੱਟੀ ਨਹੀਂ ਸੀ। ਪਿਤਾ ਜੀ ਦੇ ਮਰਨ ਤੇ ਜਦ ਮੈਂ ਰੋ ਰਿਹਾ ਸਾਂ ਤਾਂ ਮਾਂ ਨੇ ਮੈਨੂੰ ਆਪਣੀ ਹਿੱਕ ਨਾਲ ਲਗਾ ਕੇ ਕਿਹਾ ਸੀ ਕਿ ਮੈਂ ਤੇਰੇ ਵਾਸਤੇ ਜੀਆਂਗੀ, ਤੂੰ ਫ਼ਿਕਰ ਨਾ ਕਰ ਤੇ ਮਾਂ ਨੇ ਉਹ ਵਚਨ ਆਖ਼ਰੀ ਪਲਾਂ ਤੱਕ ਨਿਭਾਇਆ ਸੀ। ਮੈਂ ਕਈ ਵਾਰ ਮਹਿਸੂਸ ਕੀਤਾ ਸੀ ਕਿ ਮਾਂ ਚਾਹੁੰਦੀ ਸੀ ਕਿ ਮੈਂ ਹੁਣ ਵਿਆਹ ਕਰਕੇ ਉਸ ਦੀ ਨੂੰਹ ਘਰ ਲੈ ਆਵਾਂ। ਸਾਡੇ ਗੁਆਂਢ ਵਿੱਚ ਇਕ ਪਰਿਵਾਰ ਰਹਿੰਦਾ ਸੀ ਜਿਨ੍ਹਾਂ ਦੀਆਂ ਦੋ ਲੜਕੀਆਂ ਸਨ। ਉਹਨਾਂ ਦਾ ਸਾਡੇ ਘਰ ਆਉਣਾ-ਜਾਣਾ ਸੀ। ਉਹਨਾਂ ਵਿੱਚੋਂ ਇਕ ਦਾ ਨਾਂ ਅਨੀਤਾ ਤੇ ਦੂਜੀ ਦਾ ਪ੍ਰੀਤੀ ਸੀ।



ਇਕ ਦਿਨ ਮੈਂ ਘਰ ਵਿਚ ਇਕੱਲਾ ਸਾਂ ਤਾਂ ਅਚਾਨਕ ਅਨੀਤਾ ਸਾਡੇ ਘਰ ਆ ਗਈ। ਮੈਂ ਪਿਛਲੇ ਕਮਰੇ ਵਿੱਚ ਰਸਾਲਾ ਪੜ੍ਹ ਰਿਹਾ ਸਾਂ। ਉਹ ਆ ਕੇ ਮੇਰੇ ਕੋਲ ਬੈਠ ਗਈ। ਮੈਂ ਲਗਾਤਾਰ ਰਸਾਲਾ ਪੜ੍ਹਦਾ ਰਿਹਾ। ਕਮਰੇ ਵਿੱਚ ਖ਼ਾਮੋਸ਼ੀ ਸੀ। ਮੈਂ ਕਣੱਖੀਆਂ ਵਿਚੋਂ ਦੋ-ਤਿੰਨ ਵਾਰ ਅਨੀਤਾ ਵੱਲ ਤੱਕਿਆ। ਉਹ ਮੇਰੇ ਵੱਲ ਸ਼ਰਾਰਤੀ ਨਜ਼ਰਾਂ ਨਾਲ ਵੇਖ ਰਹੀ ਸੀ ਲਗਾਤਾਰ-ਮੁਸਲੱਸਲ।

“ਅਨੀਤਾ, ਤੂੰ ਕਿੱਧਰ ਆਈ ਹੈਂ ?” ਮੈਂ ਖ਼ਾਮੋਸ਼ੀ ਨੂੰ ਤੋੜਦੇ ਹੋਏ ਕਿਹਾ।

“ਤੇਰੇ ਕੋਲ, ਹੋਰ ਕਿੱਥੇ ? ਤੈਨੂੰ ਨਹੀਂ ਪਤਾ ਲੱਗਦਾ।”

“ਮੇਰੇ ਕੋਲ ਕੀ ਕਰਨ ਆਈ ਹੈਂ ? ਤੂੰ ਮੇਰੇ ਕੋਲੋਂ ਕੀ ਲੈਣਾ ਹੈ ?”

“ਇਕ ਜਵਾਨ ਤੇ ਖ਼ੂਬਸੂਰਤ ਕੁੜੀ ਕਿਸੇ ਖ਼ੂਬਸੂਰਤ ਮੁੰਡੇ ਕੋਲ ਕਿਉਂ ਆਉਂਦੀ ਹੈ ? ਤੈਨੂੰ ਨਹੀਂ ਪਤਾ, ਤੂੰ ਮੈਨੂੰ ਬੜਾ ਸੋਹਣਾ ਲੱਗਦਾ ਹੈਂ, ਮੇਰਾ ਤੇਰੇ ਉਤੇ ਬਾਰ-ਬਾਰ ਮਰਨ ਨੂੰ ਦਿਲ ਕਰਦਾ ਹੈ।”

“ਓ ਤੇਰੀ, ਇਵੇਂ ਨਾ ਕਰੀਂ ਕਿਤੇ, ਮੈਨੂੰ ਕਤਲ ਦੇ ਇਲਜ਼ਾਮ ਵਿਚ ਅੰਦਰ ਕਰਵਾਏਂਗੀ।”

“ਨਹੀਂ ਕਰਵਾਉਂਦੀ ਤੈਨੂੰ ਅੰਦਰ” ਉਹ ਬੜੀ ਬੇਬਾਕੀ ਨਾਲ ਬੋਲੀ। ਮੈਨੂੰ ਉਸ ਦੀਆਂ ਗੱਲਾਂ ਦਾ ਮਜ਼ਾ ਆ ਰਿਹਾ ਸੀ ਤੇ ਉਸ ਦੀਆਂ ਗੱਲਾਂ ਤੇ ਹੈਰਾਨੀ ਵੀ ਆ ਰਹੀ ਸੀ। ਪਰ ਮੈਂ ਕਮਰੇ ਅੰਦਰ ਵਹਿ ਰਹੀ ਮੁਹੱਬਤ ਦੀ ਨਦੀ ਵਿਚਦੇ ਦਿਲ ਤੈਰਦੇ ਵੇਖ ਰਿਹਾ ਸੀ।

“ਕਿੱਧਰ ਗੁਆਚ ਗਿਆ ਏਂ ?” ਉਸ ਮੇਰੇ ਵਾਲਾਂ ਵਿੱਚ ਬੜੇ ਪਿਆਰ ਨਾਲ ਹੱਥ ਫੇਰਦੇ ਹੋਏ ਮੇਰੀ ਸੁਰਤੀ ਭੰਗ ਕਰ ਦਿੱਤੀ ਤੇ ਮੈਂ ਕਦ ਪਿਆਰ ਦੇ ਸਮੁੰਦਰ ਵਿੱਚ ਡੁੱਬ ਗਿਆ ਮੈਨੂੰ ਪਤਾ ਹੀ ਨਾ ਲੱਗਾ। ਮੈਂ ਉਸਨੂੰ ਉਸਦੀ ਵੀਣੀ ਤੋਂ ਫੜ ਕੇ ਇਉਂ ਖਿੱਚਿਆ ਕਿ ਉਹ ਸਿੱਧੀ ਮੇਰੀ ਗੋਦੀ ਵਿੱਚ ਆ ਪਈ ਤੇ ਉਸ ਵੀ ਇਸਦਾ ਕੋਈ ਬੁਰਾ ਨਾ ਮਨਾਇਆ। ਉਸ ਖ਼ਾਮੋਸ਼ ਤੇ ਮੁਹੱਬਤ ਨਾਲ ਭਰੇ ਕਮਰੇ ’ਚ ਮੇਰੇ ਅੰਦਰ ਕਦ ਸ਼ੈਤਾਨ ਉਤਰ

ਆਇਆ ਮੈਨੂੰ ਪਤਾ ਹੀ ਨਾ ਲੱਗਾ। ਬਸ ਫਿਰ ਅਨੀਤਾ ਦਾ ਸਾਡੇ ਘਰ ਆਉਣਾ-ਜਾਣਾ ਚਲਦਾ ਰਿਹਾ। ਉਹ ਹਰ ਰੋਜ਼ ਸਾਡੇ ਘਰ ਆਉਂਦੀ। ਸਮਾਂ ਐਸਾ ਸੀ ਕਿ ਮੈਂ ਜਦ ਤੱਕ ਉਸਨੂੰ ਰੋਜ਼ ਇਕ ਨਜ਼ਰ ਤੱਕ ਨਾ ਲੈਂਦਾ ਸਕੂਨ ਹੀ ਨਾ ਮਿਲਦਾ ਤੇ ਏਹੀ ਹਾਲ ਉਸਦਾ ਵੀ ਸੀ। ਸਾਡੇ ਨਾਲ ਹੀ ਨਾਲ ਸ਼ਾਇਦ ਸਾਡੇ ਘਰਵਾਲਿਆਂ ਨੂੰ ਵੀ ਸਾਡੇ ਜਵਾਨ ਹੋਣ ਦਾ ਪਤਾ ਲੱਗ ਚੁੱਕਾ ਸੀ। ਮੈਂ ਇਸ ਬਾਰੇ ਆਪਣੀ ਮਾਂ ਨਾਲ ਗੱਲ ਕੀਤੀ, ਉਹ ਮੰਨ ਗਈ। ਮੈਂ ਮਾਂ ਨੂੰ ਅਨੀਤਾ ਦੇ ਘਰਵਾਲਿਆਂ ਨਾਲ ਗੱਲ ਕਰਨ ਲਈ ਕਿਹਾ ਪਰ ਉਹ ਅੜ ਗਈ। ਉਹ ਚਾਹੁੰਦੀ ਸੀ ਕਿ



ਉਹ ਮੁੰਡੇ ਵਾਲੀ ਹੈ ਉਹ ਕਿਉਂ ਜਾਵੇ ਕੁੜੀ ਵਾਲਿਆਂ ਕੋਲ। ਉਹ ਕਿਸੇ ਤਰ੍ਹਾਂ ਵੀ ਝੁਕਣਾ ਨਹੀਂ ਸੀ ਚਾਹੁੰਦੀ।

ਮੇਰੀ ਮਾਂ ਨੇ ਕਿਸੇ ਨੂੰ ਭੇਜਕੇ ਇਹ ਗੱਲ ਕਹਿਲਵਾਈ ਪਰ ਅਨੀਤਾ ਦੇ ਘਰਵਾਲੇ ਕੁਝ ਜ਼ਿਆਦਾ ਹੀ ਰੂੜ੍ਹੀਵਾਦੀ ਨਿਕਲੇ ਤੇ ਉਹਨਾਂ ਨੇ ਸਾਡੀ ਆਫ਼ਰ ਨੂੰ ਬੜੀ ਬੇਦਰਦੀ ਨਾਲ ਠੁਕਰਾ ਦਿੱਤਾ। ਮਾਂ ਨੂੰ ਬੜਾ ਬੁਰਾ ਲੱਗਾ ਤੇ ਮੈਨੂੰ ਵੀ ਬੁਰਾ ਲੱਗਣਾ ਸੁਭਾਵਕ ਹੀ ਸੀ।

"ਸਾਡੀ ਬਰਾਦਰੀ ਵਿੱਚ ਕਿਹੜਾ ਮੁੰਡਿਆਂ ਦਾ ਕਾਲ ਪੈ ਗਿਆ ਏ" ਅਨੀਤਾ ਦੇ ਘਰਵਾਲੇ ਕਹਿੰਦੇ। ਉਹ ਆਪਣੀ ਜਾਤ-ਬਰਾਦਰੀ ਵਿੱਚੋਂ ਬਾਹਰ ਨਹੀਂ ਸੀ ਆਉਣਾ ਚਾਹੁੰਦੇ। ਉਹ ਗੱਲ ਜਾਤਾਂ ਦੀ ਕਰਦੇ ਤੇ ਆਪਾਂ ਇਨਸਾਨਾਂ ਦੀ। ਪਿਆਰ ਕਦੇ ਜਾਤਾਂ ਵਿਚਕਾਰ ਥੋੜ੍ਹਾ ਹੁੰਦਾ, ਪਿਆਰ ਤਾਂ ਇਨਸਾਨਾਂ ਵਿੱਚ ਹੁੰਦਾ। ਇਕ ਦਿਨ ਮੇਰੇ ਜ਼ਿੱਦ ਕਰਨ ਤੇ ਮਾਂ ਉਹਨਾਂ ਦੇ ਘਰ ਚਲੀ ਗਈ ਪਰ ਉਹਨਾਂ ਨੇ ਮਾਂ ਨੂੰ ਬੜਾ ਜ਼ਲੀਲ ਕਰਕੇ ਘਰ ਤੋਂ ਰੁਖ਼ਸਤ ਕੀਤਾ। ਉਸ ਦਿਨ ਮੈਨੂੰ ਆਪਣੇ ਫ਼ੈਸਲੇ ਤੇ ਬੜਾ ਦੁੱਖ ਹੋਇਆ ਪਰ ਮਾਂ ਮੇਰੇ ਲਈ ਕੁਝ ਵੀ ਕਰਨ ਨੂੰ ਤਿਆਰ ਸੀ। ਹੁਣ ਮਾਂ ਮੇਰੇ ਤੇ ਅਨੀਤਾ ਦੇ ਰਿਸ਼ਤੇ ਦੇ ਖ਼ਿਲਾਫ਼ ਸੀ। ਅਜੇ ਵੀ ਅਨੀਤਾ ਕਦੇ-ਕਦੇ ਸਾਡੇ ਘਰ ਆ ਜਾਂਦੀ ਪਰ ਮਾਂ ਨੂੰ ਚੰਗਾ ਨਾ ਲਗਦਾ। ਇੱਕ ਦਿਨ ਮਾਂ ਨੇ ਹਾਰ ਕੇ ਅਨੀਤਾ ਨੂੰ ਆਪਣੇ ਘਰ ਆਉਣ ਤੋਂ ਮਨ੍ਹਾਂ ਕਰ ਦਿੱਤਾ। ਇੱਕ ਦਿਨ ਮੈਂ ਤੇ ਮਾਂ ਮਾਸੀ ਦੇ ਘਰ ਗਏ। ਉੱਥੇ ਮਾਸੀ ਦੀ ਨੂੰਹ ਦੀ ਭੈਣ ਆਈ ਹੋਈ ਸੀ। ਉਹ ਮਾਂ ਨੂੰ ਪਹਿਲੀ ਨਜ਼ਰੇ ਹੀ ਚੰਗੀ ਲੱਗੀ ਤੇ ਮਾਸੀ ਨਾਲ ਗੱਲ ਚਲਾ ਕੇ ਗੱਲ ਵਿਆਹ ਤੱਕ ਲੈ ਆਂਦੀ ਤੇ ਮਾਂ ਦੀ ਮੁਰਾਦ ਵੀ ਪੂਰੀ ਹੋ ਗਈ। ਮੇਰਾ ਮਨ ਨਾ ਚਾਹੁੰਦੇ ਹੋਏ ਵੀ ਨਾਂਹ ਨਾ ਕਰ ਸਕਿਆ। ਮਾਂ ਨੇ ਸਾਰਾ ਕੁਝ ਬੜੀ ਤੱਤਪਰਤਾ ਨਾਲ ਕੀਤਾ। ਸ਼ਾਇਦ ਉਸਨੂੰ ਮੇਰੇ ਉਪਰ ਸ਼ੱਕ ਸੀ ਕਿ ਕਿਧਰੇ ਮੈਂ ਮੁੱਕਰ ਨਾ ਜਾਵਾਂ ਪਰ ਮੈਂ ਮਾਂ ਦੀ ਰਜ਼ਾ ਨਾਲ ਆਪਣਾ ਮਨ ਬਣਾ ਚੁੱਕਾ ਸਾਂ। ਵਿਆਹ ਨੂੰ ਅਜੇ ਕੁਝ ਸਮਾਂ ਬਾਕੀ ਸੀ। ਅਨੀਤਾ ਕਿਸੇ ਨਾ ਕਿਸੇ ਬਹਾਨੇ ਸਾਡੇ ਘਰ ਆ ਜਾਂਦੀ ਪਰ ਮਾਂ ਨੂੰ ਉਸ ਦਾ ਸਾਡੇ ਘਰ ਆਉਣਾ ਚੰਗਾ ਨਾ ਲਗਦਾ। ਇਸਦਾ ਪਤਾ ਉਸਦੇ ਮੱਥੇ ਤੇ ਪਈਆਂ ਤਿਊੜੀਆਂ ਤੋਂ ਲਗਦਾ। ਇਸ ਦੌਰਾਨ ਮਾਂ ਨੇ ਕਈ ਵਾਰ ਉਸਨੂੰ ਘਰ ਆਉਣ ਤੋਂ ਮਨ੍ਹਾਂ ਵੀ ਕੀਤਾ ਪਰ ਉਹ ਕਦੇ-ਕਦੇ ਕਿਸੇ ਬਹਾਨੇ ਸਾਡੇ ਘਰ ਆ ਹੀ ਜਾਂਦੀ। ਆਹਿਸਤਾ- ਆਹਿਸਤਾ ਮੈਨੂੰ ਵੀ ਉਸਦਾ ਸਾਡੇ ਘਰ ਆਉਣਾ ਚੰਗਾ ਨਾ ਲਗਦਾ ਪਰ ਜਦ ਉਹ ਆ

ਜਾਂਦੀ ਤਾਂ ਇੰਨਾ ਬੁਰਾ ਵੀ ਨਾ ਲਗਦਾ ਪਤਾ ਨਹੀਂ ਕੀ ਗੱਲ ਸੀ।

ਇੱਕ ਦਿਨ ਅਚਾਨਕ ਅਨੀਤਾ ਸਾਡੇ ਘਰ ਆ ਗਈ ਜਦ ਮੈਂ ਘਰ ਵਿੱਚ ਇਕੱਲਾ ਹੀ ਸਾਂ।


"ਅਨੀਤਾ, ਹੁਣ ਤੈਨੂੰ ਸਾਡੇ ਘਰ ਨਹੀਂ ਆਉਣਾ ਚਾਹੀਦਾ"

"ਕਿਉਂ.......?"

"ਤੈਨੂੰ ਸਾਰਾ ਕੁਝ ਪਤਾ ਤਾਂ ਹੈ...ਫਿਰ ਕਿਉਂ...?"

"ਮੈਂ ਤੇਰੇ ਬਗੈਰ ਜੀਅ ਨਹੀਂ ਸਕਾਂਗੀ" ਅਨੀਤਾ ਮੇਰੇ ਗੋਡਿਆਂ ਤੇ ਠੋਡੀ ਰੱਖਕੇ ਪੱਬਾਂ ਭਾਰ ਬੈਠ ਗਈ। ਮੇਰਾ ਮਨ ਵੀ ਭਰ ਆਇਆ ਪਰ ਮਾਂ ਦਾ ਚਿਹਰਾ ਇਕਦਮ ਮੇਰੇ ਸਾਹਮਣੇ ਆ ਗਿਆ ਤੇ ਮੈਂ ਸੰਵੇਦਨਹੀਣ ਹੋ ਗਿਆ। ਉਹ ਕੁਝ ਦੇਰ ਆਪਣਾ ਗ਼ਮ-ਗ਼ਲਤ ਕਰਕੇ ਚਲੀ ਗਈ। ਵਕਤ ਤੇ ਜ਼ਿੰਦਗੀ ਆਪਣੀ ਚਾਲ ਚਲਦੀ ਰਹੀ। ਕੁਝ ਦਿਨਾਂ ਬਾਅਦ ਵਿਆਹ ਵੀ ਹੋ ਗਿਆ ਤੇ ਉਸ ਦਿਨ ਤੋਂ ਮੈਂ ਹਰ ਉਸ ਚੀਜ਼ ਤੋਂ ਆਪਣੇ-ਆਪ ਨੂੰ ਦੂਰ ਕਰ ਲਿਆ ਜੋ ਮੈਨੂੰ ਅਨੀਤਾ ਦੀ ਮੁਹੱਬਤ ਦੀ ਯਾਦ ਦੁਆਉਂਦੀ ਜਾਂ ਫਿਰ ਕਿਸੇ ਨੂੰ ਸ਼ੰਕਾ ਵਿੱਚ ਪਾਉਂਦੀ।

ਮੈਂ ਉਸ ਚੰਚਲ ਤੇ ਭੋਲੀ-ਭਾਲੀ ਲੜਕੀ ਸ਼ਵੇਤਾ ਯਾਨੀ ਕਿ ਮੈਂ ਆਪਣੀ ਘਰਵਾਲੀ ਦੇ ਪਿਆਰ ਨੂੰ ਕੋਈ ਠੇਸ ਨਹੀਂ ਸਾਂ ਪਹੁੰਚਾਉਣਾ ਚਾਹੁੰਦਾ। ਵਿਆਹ ਤੋਂ ਬਾਅਦ ਸਾਡੇ ਦਿਨ ਚੰਗੇ ਲੰਘ ਰਹੇ ਸਨ। ਸ਼ਵੇਤਾ ਕਦੇ-ਕਦੇ ਉਦਾਸ ਹੋ ਜਾਂਦੀ, ਸ਼ਾਇਦ ਉਸਨੂੰ ਆਪਣੇ ਘਰਵਾਲਿਆਂ ਦੀ ਯਾਦ ਆ ਜਾਂਦੀ। ਇੱਕ ਦਿਨ ਮੈਨੂੰ ਤੇ ਮਾਂ ਨੂੰ ਚਾਚੀ ਦੀ ਮੌਤ ਦੀ ਖ਼ਬਰ ਸੁਣਕੇ ਜੰਮੂ ਜਾਣਾ ਪਿਆ। ਸ਼ਵੇਤਾ ਪਿੱਛੋਂ ਘਰ ਵਿੱਚ ਇਕੱਲੀ ਹੀ ਸੀ। ਘਰ ਵਾਪਸ ਆਏ ਤਾਂ ਮੈਨੂੰ ਇਉਂ ਲੱਗਾ ਜਿਵੇਂ ਘਰ ਵਿੱਚ ਕੋਈ ਆਇਆ ਹੋਵੇ। ਸ਼ਵੇਤਾ ਨੇ ਪੁੱਛਣ ਤੇ ਇਨਕਾਰ ਕੀਤਾ ਕਿ ਘਰ ਕੋਈ ਵੀ ਨਹੀਂ ਸੀ ਆਇਆ। ਗੱਲ ਆਈ-ਗਈ ਹੋ ਗਈ। ਕੁਝ ਦਿਨਾਂ ਬਾਅਦ ਚਾਚੀ ਦੇ ਦਸਵੇਂ ਤੇ ਮੈਂ ਤੇ ਮਾਂ ਫਿਰ ਜੰਮੂ ਗਏ। ਘਰ ਵਾਪਸ ਆਏ ਤਾਂ ਮੈਨੂੰ ਫਿਰ ਲੱਗਾ ਜਿਵੇਂ ਪਿੱਛੋਂ ਕੋਈ ਘਰ ਕੋਈ ਆਇਆ ਹੋਵੇ। ਮੈਨੂੰ ਸਾਫ਼ ਨਜ਼ਰ ਆ ਰਿਹਾ ਸੀ ਪਰ ਸ਼ਵੇਤਾ ਨੇ ਫਿਰ ਤੋਂ ਕਿਸੇ ਦੇ ਘਰ ਆਉਣ ਦੀ ਗੱਲ ਤੋਂ ਇਨਕਾਰ ਕਰ ਦਿੱਤਾ। ਮੈਂ ਕੁਝ ਸਖ਼ਤੀ ਨਾਲ ਪੁੱਛਿਆ ਤਾਂ ਉਹ ਰੋਣ ਲੱਗ ਪਈ। ਉਸਦੇ ਹੰਝੂ ਹੁਣ ਮੇਰੀ ਸਖ਼ਤੀ ਪੀ ਗਏ ਤੇ ਮੈਂ ਉਸਨੂੰ ਕੁਝ ਨਾ ਕਹਿ ਸਕਿਆ। ਪਰ ਮੇਰੇ ਮਨ ਅੰਦਰ ਸ਼ੱਕ ਨੇ ਜਨਮ ਲੈ ਲਿਆ ਤੇ ਉਹ ਦਿਨੋ-ਦਿਨ ਵਧਦਾ ਹੀ ਗਿਆ। ਇਸ ਦੌਰਾਨ ਮਾਂ



ਦਾ ਦੇਹਾਂਤ ਹੋ ਗਿਆ। ਕਈ ਚਿਰਾਂ ਦਾ ਸਾਥ ਛੁੱਟ ਗਿਆ। ਮਾਂ ਦੀ ਮੌਤ ਨੂੰ ਮੈਨੂੰ ਤੋੜ ਦਿੱਤਾ ਪਰ ਮਾਂ ਸ਼ਵੇਤਾ ਤੇ ਬੜੀ ਖੁਸ਼ ਸੀ ਕਿਉਂਕਿ ਸ਼ਵੇਤਾ ਨੇ ਮਾਂ ਦੀ ਬੜੀ ਸੇਵਾ ਕੀਤੀ ਸੀ। ਮਾਂ ਨੂੰ ਮੇਰੇ ਸ਼ੱਕ ਵਾਲੀ ਗੱਲ ਬਾਰੇ ਜ਼ਰਾ ਵੀ ਜਾਣਕਾਰੀ ਨਹੀਂ ਸੀ ਵਰਨਾ ਉਹ ਵੀ ਸ਼ਵੇਤਾ ਦਾ ਹੀ ਸਾਥ ਦਿੰਦੀ। ਜ਼ਿੰਦਗੀ ਫਿਰ ਤੋਂ ਆਪਣੀ ਰਫ਼ਤਾਰ ਤੁਰਦੀ ਗਈ।

ਇੱਕ ਦਿਨ ਮੈਂ ਦਫ਼ਤਰੋਂ ਇੱਕ ਘੰਟਾ ਪਹਿਲਾਂ ਘਰ ਆ ਗਿਆ। ਡਰਾਇੰਗ-ਰੂਮ ਵਿੱਚ ਦੋ ਕੱਪ ਚਾਹ ਦੇ ਪੀਤੇ ਹੋਏ ਪਏ ਸਨ। ਕੌਣ ਆਇਆ ਸੀ, ਮੈਂ ਸ਼ਵੇਤਾ ਨੂੰ ਪੁੱਛਿਆ ਤਾਂ ਉਹ ਟਾਲ-ਮਟੋਲ ਕਰਦੀ ਰਹੀ, ਸਹੀ ਜਵਾਬ ਉਸਨੇ ਨਹੀਂ ਸੀ ਦਿੱਤਾ। ਮੈਨੂੰ ਉਸਦੀ ਇਹ ਗੱਲ ਬਿਲਕੁਲ ਚੰਗੀ ਨਾ ਲੱਗੀ। ਮੇਰੇ ਅੰਦਰ ਬੈਠਾ ਸ਼ੱਕ ਦਾ ਭੂਤ ਜਿਵੇਂ ਫਿਰ ਤੋਂ ਜਾਗ ਪਿਆ ਤੇ ਮੈਂ ਪਤਾ ਨਹੀਂ ਸ਼ਵੇਤਾ ਨੂੰ ਕਿੰਨਾ-ਕੁਝ

ਬੁਰਾ-ਭਲਾ ਕਹਿ ਦਿੱਤਾ। ਘਰ ਦਾ ਵਾਤਾਵਰਣ ਇੰਨਾ ਖ਼ਰਾਬ ਹੋ ਗਿਆ ਕਿ ਬਿਆਨ ਨਹੀਂ ਕੀਤਾ ਜਾ ਸਕਦਾ। ਅਸੀਂ ਦੋਵੇਂ ਬਿਨਾਂ ਕੁਝ ਖਾਧੇ-ਪੀਤੇ ਹੀ ਸੌਂ ਗਏ। ਅੱਜ ਮਾਂ ਹੁੰਦੀ ਤਾਂ ਸ਼ਾਇਦ ਉਹ ਸਾਡੇ ਵਿਚਾਲੇ ਕੁਝ ਸੁਲਾਹ-ਸਫਾਈ ਕਰਵਾ ਦਿੰਦੀ ਪਰ ਅਫ਼ਸੋਸ, ਇਉਂ ਨਹੀਂ ਸੀ ਹੋਇਆ। ਗੁੱਸੇ ਵਿੱਚ ਮੈਂ ਸ਼ਵੇਤਾ ਨੂੰ ਪਤਾ ਨਹੀਂ ਕੀ-ਕੀ ਕਹਿ ਦਿੱਤਾ। ਕਈ ਤਰ੍ਹਾਂ ਦੇ ਇਲਜ਼ਾਮ ਲਗਾਏ ਤੇ ਆਖਰ ਉਸਨੂੰ ਘਰੋਂ ਚਲੇ ਜਾਣ ਲਈ ਕਹਿ ਦਿੱਤਾ। ਉਸ ਵੇਲੇ ਮੈਂ ਇਹ ਭੁੱਲ ਗਿਆ ਸਾਂ ਕਿ ਇਹ ਘਰ ਉਸਦਾ ਵੀ ਤਾਂ ਸੀ।

ਅਗਲੇ ਦਿਨ ਸ਼ਵੇਤਾ ਘਰ ਛੱਡ ਕੇ ਆਪਣੇ ਪੇਕੇ ਚਲੀ ਗਈ। ਉਹ ਮੇਰੇ ਸਾਹਮਣੇ ਹੀ ਗਈ ਸੀ ਪਰ ਮੇਰੇ ਅੰਦਰ ਸ਼ੱਕ ਤੇ ਗੁੱਸੇ ਦਾ ਭੂਤ ਜੋ ਬੈਠਾ ਸੀ, ਜਿਸ ਨੇ ਨਾ ਚਾਹੁੰਦੇ ਹੋਏ ਵੀ ਮੈਨੂੰ ਉਸਨੂੰ ਰੋਕਣ ਨਾ ਦਿੱਤਾ। ਉਸਦੇ ਜਾਣ ਤੋਂ ਬਾਅਦ ਉਹ ਭੂਤ ਤਾਂ ਖੁਸ਼ ਸੀ ਪਰ ਮੈਂ ਉਦਾਸ ਸਾਂ ਕਿਉਂਕਿ ਮੈ ਸ਼ਵੇਤਾ ਨੂੰ ਬਹੁਤ ਪਿਆਰ ਕਰਦਾ ਸਾਂ ਤੇ ਉਹ ਵੀ ਮੈਨੂੰ ਬੜਾ ਪਿਆਰ ਕਰਦੀ ਸੀ। ਸ਼ਵੇਤਾ ਜਾ ਚੁੱਕੀ ਸੀ ਪਰ ਉਸਦੀ ਯਾਦ ਮੈਨੂੰ ਬੜਾ ਸਤਾ ਰਹੀ ਸੀ। ਮੈਂ ਬਿਸਤਰ ਤੋਂ ਉੱਠ ਕੇ ਅੰਗੀਠੀ `ਤੇ ਪਈ ਆਪਣੇ ਵਿਆਹ ਦੀ ਤਸਵੀਰ ਚੁੱਕੀ ਤੇ ਉਸਨੂੰ ਆਪਣੀ ਹਿੱਕ ਨਾਲ ਲਗਾ ਲਿਆ ਤੇ ਅੱਖਾਂ ਬੰਦ ਕਰਕੇ ਸ਼ਵੇਤਾ ਨੂੰ ਤੇ ਆਪਣੇ ਵਿਆਹ ਦੇ ਪਲਾਂ ਨੂੰ ਯਾਦ ਕਰਨ ਲੱਗ ਪਿਆ। ਮੈਂ ਅਚਾਨਕ ਵੇਖਿਆ ਕਿ ਉਸੇ ਤਸਵੀਰ ਥੱਲੇ ਇੱਕ ਕਾਗਜ਼ ਪਿਆ ਹੋਇਆ ਸੀ। ਮੈਂ ਛੇਤੀ ਨਾਲ ਉਸਨੂੰ ਚੁੱਕ ਲਿਆ ਤੇ ਖੋਲ੍ਹ ਕੇ ਪੜ੍ਹਨ ਲੱਗਾ।

`ਪਿਆਰੇ ਰਾਜ, ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ ਤੇ ਮੈਨੂੰ ਇਹ ਵੀ ਯਕੀਨ ਹੈ ਕਿ ਤੁਸੀਂ ਵੀ ਮੈਨੂੰ ਬਹੁਤ ਪਿਆਰ ਕਰਦੇ ਹੋ, ਮੈਨੂੰ ਆਪਣਾ ਘਰ ਵੀ ਬੜਾ ਪਿਆਰਾ ਹੈ। ਜੇ ਅੱਜ ਮਾਂ ਜ਼ਿੰਦਾ ਹੁੰਦੀ ਤਾਂ ਸ਼ਾਇਦ ਮੈਨੂੰ ਤੇ ਤੁਹਾਨੂੰ ਇਹ ਦਿਨ ਵੇਖਣਾ ਨਾ ਪੈਂਦਾ ਪਰ ਅਫ਼ਸੋਸ ਕਿ ਅੱਜ ਮਾਂ ਸਾਡੇ ਵਿਚਕਾਰ ਮੌਜੂਦ ਨਹੀਂ ਹੈ ਪਰ ਮੈਂ ਤੁਹਾਨੂੰ ਦੁਖੀ ਨਹੀਂ ਸਾਂ ਵੇਖਣਾ ਚਾਹੁੰਦੀ। ਮੈਂ ਮਾਂ ਨੂੰ ਸਭ ਕੁਝ ਦੱਸ ਦਿੱਤਾ ਸੀ ਤੇ ਮਾਂ ਨੇ ਹੀ ਮੈਨੂੰ ਤੁਹਾਡੇ ਨਾਲ ਕੋਈ ਵੀ ਗੱਲ ਨਾ ਕਰਨ ਲਈ ਕਿਹਾ ਸੀ। ਮਾਂ ਨੇ ਕਿਹਾ ਸੀ ਕਿ ਉਹ ਤੁਹਾਡੇ ਨਾਲ ਆਪੇ ਗੱਲ ਕਰ ਲਵੇਗੀ ਪਰ ਅਫ਼ਸੋਸ ਮਾਂ ਪਹਿਲਾਂ ਹੀ ਸਾਨੂੰ ਛੱਡ ਕੇ ਚਲੀ ਗਈ। ਮੈਂ ਆਪਣਾ ਘਰ ਛੱਡ ਕੇ ਨਹੀਂ ਸਾਂ ਜਾਣਾ ਚਾਹੁੰਦੀ ਪਰ ਜੋ ਮਾਨਸਕ-ਤਸੀਹੇ ਤੁਸੀਂ ਮੈਨੂੰ ਦਿੱਤੇ ਉਹ ਮੇਰੀ ਬਰਦਾਸ਼ਤ ਤੋਂ ਬਾਹਰ ਸਨ, ਇਸ ਲਈ ਮੈਂ ਹੋਰ ਬਰਦਾਸ਼ਤ ਨਹੀਂ ਸਾਂ ਕਰ ਸਕਦੀ। ਮੈਂ ਹੁਣ ਘਰ ਛੱਡਣ ਤੇ ਮਜਬੂਰ ਹਾਂ। ਜਿੱਥੋਂ ਤੱਕ ਸਾਡੇ ਘਰ ਕਿਸੇ ਦੇ ਆਉਣ ਦੀ ਗੱਲ ਸੀ ਜੋ ਮੈਂ ਤੁਹਾਨੂੰ ਦੱਸਣਾ ਨਹੀਂ ਸਾਂ ਚਾਹੁੰਦੀ ਕਿ ਤੁਸੀਂ ਮੇਰੇ ਸਾਹਮਣੇ ਸ਼ਰਮਿੰਦਾ ਨਾ ਹੋਵੇ, ਪਰ ਹੁਣ ਤੁਸੀਂ ਸੁਣੋ, ਤੁਹਾਡੇ ਬਾਅਦ ਸਾਡੇ ਘਰ ਅਨੀਤਾ ਆਉਂਦੀ ਸੀ ਤੇ ਉਹ ਤੁਹਾਡੇ ਤੇ ਆਪਣੇ ਬਾਰੇ ਸਾਰਾ ਕੁਝ ਮੈਨੂੰ ਦੱਸਦੀ ਸੀ ਕਿ ਤੁਸੀਂ ਕੀ ਕੁਝ ਕਰਦੇ ਸੀ ਮੇਰੇ ਆਉਣ ਤੋਂ ਪਹਿਲਾਂ...ਉਸ ਤੋਂ ਬਾਅਦ ਪੜ੍ਹਣ ਦੀ ਮੇਰੀ ਹਿੰਮਤ ਹੀ ਨਾ ਰਹੀ...ਤੇ ਮੈਂ ਬਾਹਰ ਦੂਰ ਤੱਕ ਵੇਖਿਆ ਸ਼ਵੇਤਾ ਕਿਤੇ ਵੀ ਨਹੀਂ ਸੀ...ਮੈਨੂੰ ਲੱਗਾ ਜਿਵੇਂ ਮੈਂ ਵੀ ਕਿਤੇ ਨਹੀਂ ਹਾਂ...?



# ਪਹਿਲੀ ਵਾਰ ਕੀਤੀ ਪੌੜੀ ਗੜ੍ਹਵਾਲ ਯਾਤਰਾ

– ਐੱਨ. ਆਰ. ਗੋਇਲ

ਮੇਰੇ ਪਿਛਲੇ 50 ਸਾਲਾਂ ਤੋਂ ਚਲੇ ਆ ਰਹੇ ਪ੍ਰੇਮੀ ਮਿੱਤਰ ਸ੍ਰੀ ਸਤ ਪ੍ਰਕਾਸ਼ ਉਤਪਰੇਤੀ (ਗੜਵਾਲੀ ਪੰਡਤ) ਜੀ ਨੇ ਮੈਨੂੰ ਪਹਿਲੀ ਵਾਰ ਸੁਝਾਅ ਦਿੱਤਾ ਕਿ ਮੈਂ ਉਨ੍ਹਾਂ ਦੇ ਨਾਲ ਇਸ ਸਾਲ ਗਰਮੀਆਂ ਵਿੱਚ ਪੌੜੀ ਗੜਵਾਲ ਚੱਲਾਂ। ਪੌੜੀ ਗੜਵਾਲ ਤੋਂ ਥੋੜ੍ਹੀ ਦੂਰੀ ਉੱਤੇ ਉਨ੍ਹਾਂ ਦਾ ਇਕ ਪੁਰਾਣਾ ਛੋਟਾ ਜਿਹਾ ਘਰ ਹੈ, ਜਿੱਥੇ ਉਨ੍ਹਾਂ ਦਾ ਇਕ 68 ਸਾਲਾ ਭਰਾ ਦੌਲਤਰਾਮ ਆਪਣੀ ਪਤਨੀ ਨਾਲ ਪਿੰਡ ਵਿਚ ਹੀ ਰਹਿੰਦਾ ਹੈ, ਹੋਰ ਉਸ ਤੋਂ ਇਲਾਵਾ ਕੋਈ ਨਹੀਂ ਰਹਿੰਦਾ, ਉਸ ਨੂੰ ਵੀ ਮਿਲ ਆਵਾਂਗੇ।

ਰਾਤ ਨੂੰ ਦਿੱਲੀ ਤੋਂ ਕੋਟਦਵਾਰਾ (ਉੱਤਰਾਖੰਡ) ਦੀ ਬੱਸ ਲਵਾਂਗੇ, ਉਸ ਤੋਂ ਅੱਗੇ ਫਿਰ ਪੌੜੀ ਗੜਵਾਲ ਦੀ ਬਸ ਲਵਾਂਗੇ। ਮੈਂ ਉਨ੍ਹਾਂ ਨੂੰ ਕਿਹਾ ਜੀ ਮੈਂ ਰਾਤ ਨੂੰ ਬੱਸਾਂ ਤੇ ਸਫ਼ਰ ਕਰਨਾ ਮੁਨਾਸਿਬ ਨਹੀਂ ਸਮਝਦਾ ਕਿਉਂਕਿ ਸੜਕਾਂ ਦੀ ਹਾਲਤ ਠੀਕ ਨਹੀਂ ਹੁੰਦੀ ਤੇ ਹਾਦਸਾ ਹੋਣ ਦਾ ਡਰ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਰੇਲਗੱਡੀ ਦਿੱਲੀ ਤੋਂ ਕੇਵਲ ਕੋਟਦਵਾਰਾ ਤੱਕ ਹੀ ਜਾਂਦੀ ਹੈ। ਇਹ ਯੂ.ਪੀ. ਦਾ ਮੈਦਾਨੀ ਇਲਾਕਾ ਹੈ। ਕੋਟਦਵਾਰਾ ਤੋਂ ਹੀ ਪਹਾੜ ਸ਼ੁਰੂ ਹੁੰਦਾ ਹੈ।

ਮੈਂ ਰੇਲਵੇ ਤੋਂ ਪੁੱਛ-ਪੜਤਾਲ ਕੀਤੀ ਤਾਂ ਪਤਾ ਚੱਲਿਆ ਕਿ ਕੋਟਦਵਾਰਾ ਤੱਕ ਦੋ ਗੱਡੀਆਂ ਹੀ ਜਾਂਦੀਆਂ ਹਨ। ਇਕ ਸਵੇਰੇ 7.20 ਤੇ ਅਤੇ ਦੂਜੀ ਰਾਤ ਨੂੰ 10.30 ਵਜੇ, ਪਰ ਰਾਤ ਵਾਲੀ ਗੱਡੀ ਵਿੱਚ ਕੋਈ ਸੀਟ ਨਹੀਂ ਹੈ ਅਤੇ ਸਵੇਰ ਵਾਲੀ ਵਿੱਚ ਸੀਟ ਮਿਲ ਸਕਦੀ ਹੈ। ਮੈਂ ਦੋ ਸੀਟਾਂ ਸਵੇਰ ਵਾਲੀ ਗੱਡੀ ਵਿੱਚ 13.6.2015 ਲਈ ਰਿਜ਼ਰਵ ਕਰਵਾ ਲਈਆਂ। ਸ੍ਰੀ ਉਤਪਰੇਤੀ ਜੀ ਨਿਓਡਾ ਸੈਕਟਰ-12 ਵਿੱਚ ਰਹਿੰਦੇ ਹਨ, ਮੈਂ ਉਨ੍ਹਾਂ ਨੂੰ 12.6.2015 ਨੂੰ ਗੱਡੀ ਦਾ ਨਾਂ, ਡੱਬਾ ਅਤੇ ਸੀਟ ਨੰਬਰ ਦੱਸ ਦਿੱਤਾ ਅਤੇ ਸਵੇਰੇ ਦਿੱਲੀ ਮੇਨ ਸਟੇਸ਼ਨ ਉੱਤੇ ਸਿੱਧਾ ਹੀ ਪਹੁੰਚਣ ਲਈ ਤਾਕੀਦ ਵੀ ਕਰ ਦਿੱਤੀ। ਗੱਡੀ ਇੱਥੋਂ ਹੀ ਬਣ ਕੇ ਚੱਲਦੀ ਹੈ, ਇਸ ਲਈ ਅਸੀਂ 6.45 ਤੇ ਦੋਨੋਂ ਇਕੱਠੇ ਹੋ ਗਏ। ਗੱਡੀ ਠੀਕ 7.20 ਤੇ ਹੀ ਚੱਲ ਪਈ।

ਪਹਿਲਾ ਸਟੇਸ਼ਨ ਸ਼ਾਹਦਰਾ ਫਿਰ ਗਾਜ਼ੀਆਬਾਦ। ਉਸ ਤੋਂ ਪਿੱਛੋਂ ਉੱਤਰ ਪ੍ਰਦੇਸ਼ ਦਾ ਪਹਿਲਾ ਸ਼ਹਿਰ ਪਿਲਖੁਵਾ ਪੈਂਦਾ ਹੈ। ਉਸ ਤੋਂ ਅਗਲਾ ਸਟੇਸ਼ਨ ਹਾਪੁੜ। ਹਾਪੁੜ ਤੱਕ ਦੇ ਲੋਕ ਦਿੱਲੀ ਨੌਕਰੀ ਕਰਨ ਵੀ ਆਉਂਦੇ ਹਨ। ਇਸ ਤੋਂ ਅਗਲਾ ਸਟੇਸ਼ਨ ਸੀ ਗਜਰੌਲਾ। ਉਸ ਤੋਂ ਅੱਗੇ ਧਨੌਰਾ ਮੰਡੀ, ਫਿਰ ਚਾਂਦਪੁਰ। ਉਸ ਤੋਂ ਅੱਗੇ ਉੱਤਰ ਪ੍ਰਦੇਸ਼ ਦਾ



ਮਸ਼ਹੂਰ ਸ਼ਹਿਰ ਬਿਜਨੌਰ ਸੀ। ਅਗਲਾ ਸਟੇਸ਼ਨ ਸੀ, ਹਰਦੌਰਾ, ਅਗਲੇ ਸਟੇਸ਼ਨ ਦਾ ਨਾਂ ਸੀ ਮੌਜ਼ਮਪੁਰ ਨਰਾਇਣ। ਨਜ਼ੀਬਾਬਾਦ ਹੁੰਦੇ ਹੋਏ ਅੰਤ ਵਿੱਚ ਸੱਤ ਘੰਟਿਆਂ ਵਿੱਚ ਗੱਡੀ 2.20 ਵਜੇ ਕੋਟਦੁਆਰਾ ਸਟੇਸ਼ਨ ਉੱਤੇ ਪਹੁੰਚ ਗਈ। ਇਹ ਰੇਲ ਦਾ ਆਖ਼ਰੀ ਸਟੇਸ਼ਨ ਹੈ। ਲੋਕੀਂ ਉੱਥੋਂ ਉੱਤਰ ਕੇ, ਬੱਸਾਂ ਦੁਆਰਾ ਹੀ ਪਹਾੜੀ ਇਲਾਕੇ ਵਿੱਚ ਜਾਂਦੇ ਹਨ। ਸਾਨੂੰ ਦੱਸਿਆ ਗਿਆ ਪੌੜੀ ਗੜਵਾਲ ਲਈ ਸਾਨੂੰ ਬੱਸਾਂ ਤਿੰਨ ਵਜੇ ਤੋਂ ਪਹਿਲਾਂ-ਪਹਿਲਾਂ ਹੀ ਮਿਲਣਗੀਆਂ।

ਅਸੀਂ ਫਟਾਫਟ ਸਟੇਸ਼ਨ ਤੋਂ ਬੱਸ ਅੱਡੇ ਪਹੁੰਚੇ। ਇਹ ਅੱਡਾ ਨੇੜੇ ਹੀ ਸੀ। ਅਸੀਂ 2.45 ਵਜੇ ਬੱਸ ਵਿਚ ਬੈਠ ਗਏ ਤੇ ਪੌੜੀ ਗੜਵਾਲ ਲਈ ਡੇਢ-ਡੇਢ ਸੌ ਰੁਪਏ ਦੇ ਦੋ ਟਿਕਟ ਲੈ ਕੇ ਬੈਠ ਗਏ ਤੇ ਬੱਸ ਕੁਝ ਹੀ ਮਿੰਟਾਂ ਬਾਅਦ ਚੱਲ ਪਈ। ਕੋਟਦੁਆਰਾ ਤੋਂ ਪੌੜੀ ਗੜਵਾਲ ਦੀ ਚੜ੍ਹਾਈ-ਉੱਤਰਾਈ 108 ਕਿਲੋਮੀਟਰ ਹੈ।

ਕੋਟਦੁਆਰਾ ਤੋਂ ਸਤਪੁਲੀ ਤੱਕ ਬਹੁਤ ਚੜ੍ਹਾਈ ਹੈ,

ਫਿਰ ਕੁਝ ਢਲਾਣ ਵੀ ਹੈ। ਸਤਪੁਲੀ ਸ਼ਹਿਰ ਦਾ ਨਾਂ ਇਸ ਕਰਕੇ ਪੈ ਗਿਆ ਸੀ ਕਿਉਂਕਿ ਪਹਿਲਾਂ ਉੱਥੇ ਨਾਲਿਆਂ ਉੱਤੇ ਸੱਤ ਪੁਲੀਆਂ ਹੁੰਦੀਆਂ ਸਨ। ਅਸੀਂ ਸੱਤ ਵਜੇ ਤੋਂ ਕੁਝ ਮਿੰਟ ਪਹਿਲਾਂ ਹੀ ਪੌੜੀ ਗੜਵਾਲ ਦੇ ਬੱਸ ਅੱਡੇ ਉੱਤੇ ਪਹੁੰਚ ਗਏ। ਇਹ ਬੱਸ ਅੱਡਾ ਮਾਲ ਰੋਡ ਤੇ ਹੀ ਹੈ। ਅਸੀਂ ਉੱਤਰ ਕੇ ਪਹਿਲਾਂ ਤਾਂ ਇਕ ਟੀ-ਸਟਾਲ ਤੇ ਚਾਹ ਪੀਤੀ ਫਿਰ ਉੱਥੇ ਬੈਠਿਆਂ ਹੀ ਕਿਰਾਏ ਤੇ ਕਮਰਾ ਲੈਣ ਲਈ ਜਾਣਕਾਰੀ ਲਈ। ਸਾਨੂੰ ਪਤਾ ਚੱਲਿਆ ਕਿ ਸਾਹਮਣੇ ਥੋੜ੍ਹੀ ਜਿਹੀ ਉੱਚਾਈ ਉੱਤੇ ਉੱਤਰਾਂਚਲ ਗੈਸਟ ਹਾਊਸ ਵਿੱਚ ਮਨਪਸੰਦ ਦਾ ਕਮਰਾ ਮਿਲ ਜਾਵੇਗਾ।

ਅਸੀਂ ਕਮਰਾ ਅਜਿਹਾ ਚਾਹੁੰਦੇ ਸਾਂ ਜਿਸ ਵਿੱਚ ਲੈਟਰੀਨ- ਬਾਥਰੂਮ ਅੰਦਰ ਹੀ ਹੋਵੇ। ਹੋਰ ਕਿਸੇ ਦਾ ਕੋਈ ਦਖ਼ਲ ਨਾ ਹੋਵੇ। ਟੀ.ਵੀ. ਦਾ ਵੀ ਅੰਦਰ ਹੀ ਪ੍ਰਬੰਧ ਹੋਵੇ। ਗਰਮੀਆਂ ਦੇ ਮੌਸਮ ਵਿੱਚ, ਜਦੋਂ ਕਿ ਬਹੁਤ ਸਾਰੇ ਯਾਤਰੀ, ਪਰਿਵਾਰਾਂ ਸਹਿਤ ਪਹਾੜਾਂ ਦੀ ਸੈਰ ਲਈ ਤੇ ਮੰਦਰਾਂ ਦੇ ਦਰਸ਼ਨਾਂ ਲਈ ਇੱਥੇ ਆਉਂਦੇ ਹਨ ਤਾਂ ਮਹਿੰਗਾਈ ਕੁਝ ਵਧ ਹੀ ਜਾਂਦੀ ਹੈ, ਇਸ ਲਈ ਸਾਨੂੰ ਨਵੇਕਲਾ ਵੱਡਾ ਕਮਰਾ 500 ਰੁਪਏ ਰੋਜ਼ ਉੱਤੇ ਮਿਲ ਗਿਆ। ਖਾਣ-ਪੀਣ ਲਈ ਹੇਠਾਂ ਹੋਟਲ-ਢਾਬੇ ਹਨ, ਆਪਣੇ ਮਨਪਸੰਦ ਦਾ ਖਾਣਾ ਜਿੱਥੋਂ ਮਰਜ਼ੀ ਹੈ - ਖਾ ਲਵੋ। ਅਸੀਂ ਉੱਥੇ ਚਾਰ ਦਿਨ ਲਈ ਇਸੇ ਤਰ੍ਹਾਂ ਕੀਤਾ। 13.6.2015 ਦੀ ਰਾਤ ਨੂੰ ਪਹੁੰਚੇ ਸੀ।

ਦੂਸਰੇ ਦਿਨ ਭਾਵ 14.6.2015 ਨੂੰ ਤਿਆਰ ਹੋ ਕੇ ਨਾਸ਼ਤਾ ਕਰਕੇ ਅਸੀਂ ਉਤਪਰੇਤੀ ਜੀ ਦੇ ਪਿੰਡ ਜਾਣ ਲਈ ਦਸ ਸੀਟਾਂ ਵਾਲੀ ਟੈਕਸੀ ਵਿੱਚ ਬੈਠ ਗਏ, ਪਰ ਉਹ ਤਾਂ ਜਦ ਤੱਕ ਦਸ ਬੰਦੇ ਉੱਧਰ ਜਾਣ ਵਾਲੇ ਨਾ ਕੱਠੇ ਹੋ ਜਾਣ, ਨਹੀਂ ਚੱਲੇਗੀ। ਸਾਨੂੰ ਇਕ ਘੰਟੇ ਤੋਂ ਵੀ ਜ਼ਿਆਦਾ ਉਡੀਕ ਕਰਨੀ ਪਈ। ਜਿਸ ਸਟੇਸ਼ਨ ਲਈ ਉਹ ਕੈਬ ਸਭ ਸਵਾਰੀਆਂ ਲਈ ਚਲਦੀ ਸੀ। ਉਸ ਤੋਂ ਥੋੜ੍ਹੀ ਦੂਰੀ ਤੇ ਉਨ੍ਹਾਂ ਦਾ ਪਿੰਡ ਸੀ। ਉੱਥੇ ਤੱਕ ਜਾਣ ਲਈ ਦੋ ਸਵਾਰੀਆਂ ਲਈ ਦੋ ਸੌ ਰੁਪਏ ਹੋਰ ਦੇਣੇ ਪਏ ਕਿਉਂਕਿ ਅਸੀਂ ਐਡੀ ਦੂਰ ਪੈਦਲ ਨਹੀਂ ਸੀ ਜਾ ਸਕਦੇ।

ਥੋੜ੍ਹੀ ਜਿਹੀ ਚੜ੍ਹਾਈ ਚੜ੍ਹ ਕੇ ਉਨ੍ਹਾਂ ਦੇ ਘਰ ਪਹੁੰਚ ਗਏ। ਉਤਪਰੇਤੀ ਜੀ ਦੇ ਭਰਾ ਦੌਲਤਰਾਮ ਅਤੇ ਭਰਜਾਈ ਸਾਡੀ ਉਡੀਕ ਹੀ ਕਰ ਰਹੇ ਸਨ। ਬੜੇ ਪਿਆਰ ਤੇ ਸਤਿਕਾਰ ਨਾਲ ਮਿਲੇ। ਇਹ 'ਸ਼+56 'ਗਠਖ ਸ਼ਰਤਵ +ਜਿਫਕ ਤੋਂ ਰਿਟਾਇਰ ਹੋਏ ਸਨ। ਗੱਲਾਂਬਾਤਾਂ ਕੀਤੀਆਂ, ਚਾਹ ਪੀਤੀ। ਉਨ੍ਹਾਂ ਦੇ ਭਰਾ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦਾ ਇਹ ਪਿੰਡ ਕੋਈ ਪੰਜਾਹ ਕੁ ਘਰਾਂ ਦਾ ਸੀ। ਹੁਣ ਤਾਂ ਕੇਵਲ 20 ਘਰ ਹੀ ਰਹਿ ਗਏ ਹਨ। ਘਰਾਂ ਵਾਲਿਆਂ ਦੇ ਬੱਚੇ ਸ਼ਹਿਰਾਂ ਵਿੱਚ ਚਲੇ ਗਏ ਹਨ। ਘਰਾਂ ਦੀ ਕੋਈ ਦੇਖਭਾਲ ਨਹੀਂ ਕਰਦਾ। ਉੱਜੜੇ ਪਏ ਹਨ, ਟੁੱਟੇ ਪਏ ਹਨਠ, ਕੋਈ ਮੁਫ਼ਤ ਵਿੱਚ ਲੈਣ ਨੂੰ ਤਿਆਰ ਨਹੀਂ। ਉਨ੍ਹਾਂ ਨੇ ਮੈਨੂੰ ਦਿਖਾਇਆ ਇਸ ਛੋਟੇ ਜਿਹੇ ਪਿੰਡ ਵਿੱਚ ਵੀ ਤਿੰਨ ਛੋਟੇ ਮੰਦਰ ਹਨ, ਇਕ ਇਕ ਕਮਰੇ ਦੇ। ਇਕ ਦੇਵੀ ਮਾਤਾ ਦਾ, ਦੂਜਾ ਰਾਧਾ ਰਾਣੀ ਦਾ ਤੇ ਤੀਜਾ ਭੈਰੋਂ ਦੇਵਤਾ ਦਾ। ਉਨ੍ਹਾਂ ਮੰਦਰਾਂ ਦੀ ਨਾ ਕੋਈ ਆਮਦਨ ਹੈ ਤੇ ਨਾ ਹੀ ਕੋਈ ਖਰਚਾ। ਇਕ ਪਰਿਵਾਰ ਦੇ ਬੰਦੇ ਹੀ ਉਨ੍ਹਾਂ ਦੀ ਦੇਖਭਾਲ ਕਰ ਲੈਂਦੇ ਹਨ। ਉਨ੍ਹਾਂ ਜਦ ਕੋਈ ਪਿੰਡ ਦਾ ਬੰਦਾ ਸਾਲ ਦੋ ਸਾਲ ਬਾਅਦ ਆਉਂਦਾ ਹੈ, ਉਹੀ ਕੁਝ ਪੈਸੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਦੇ ਜਾਂਦਾ ਹੈ। ਇਹ ਦੇਵਭੂਮੀ ਹੈ, ਜੋ ਵੀ ਸਥਾਨਕ ਘਰ ਹਨ, ਅਜੇ ਵੀ ਆਪਣੇ ਦੇਵੀ-ਦੇਵਤਿਆਂ ਪ੍ਰਤੀ ਭਾਵ ਪੁਰਾਣੀਆਂ ਮੂਰਤੀਆਂ ਪ੍ਰਤੀ ਸ਼ਰਧਾ ਭੇਟ ਕਰਦੇ



ਹਨ।

ਦੂਜੇ ਦਿਨ ਅਸੀਂ ਨਗਰ ਪਾਲਿਕਾ ਬੱਸ ਸੇਵਾ ਦੁਆਰਾ ਕੁੰਡੋਲੀਆ ਮੰਦਰ ਦੇ ਦਰਸ਼ਨ ਲਈ ਗਏ। ਇਸ ਮੰਦਰ ਵਿੱਚ ਲੋਕ ਦੁੱਖ ਨਿਵਾਰਨ ਲਈ ਸੁੱਖਾਂ ਸੁਖਦੇ ਹਨ, ਫਿਰ ਪਿੱਤਲ ਦੀਆਂ ਵੱਡੀਆਂ-ਵੱਡੀਆਂ ਘੰਟੀਆਂ ਮੰਦਰ ਵਿੱਚ ਚੜ੍ਹਾਉਂਦੇ ਹਨ। ਇਹ ਮੰਦਰ ਕਮਾਊਂ ਦੇ ਗੋਲੂ ਦੇਵਤਾ ਦਾ ਮੰਨਿਆ ਜਾਂਦਾ ਹੈ। ਇੱਥੇ ਲੋਕ ਦੁੱਖ ਨਿਵਾਰਨ ਲਈ ਲਿਖਤੀ ਰੂਪ ਵਿੱਚ ਅਰਜ਼ੀ ਵੀ ਦੇ ਸਕਦੇ ਹਨ। ਨੈਨੀਤਾਲ ਦੇ ਪਾਸ ਉਹ ਕਮਾਊਂ ਗੋਲੂ ਦੇਵਤਾ ਦੇ ਮੰਦਰ ਭੇਜ ਦਿੱਤੀ ਜਾਂਦੀ ਹੈ। ਉੱਥੇ ਕੁਝ ਜੋਤਿਸ਼ ਸ਼ਾਸਤਰੀ ਬੈਠੇ ਹਨ। ਉਨ੍ਹਾਂ ਪਾਸ ਬਹੁਤ ਸਾਰੀਆਂ ਅਰਜ਼ੀਆਂ ਪਹੁੰਚਦੀਆਂ ਰਹਿੰਦੀਆਂ ਹਨ।

ਮਹੀਨੇ ਦੋ ਮਹੀਨੇ ਬਾਅਦ ਜਦ ਕਿਸੇ ਦਾ ਜਵਾਬ ਆਵੇਗਾ, ਉਸ ਨੂੰ ਪੱਤਰ ਲਿਖ ਕੇ ਬੁਲਾਇਆ ਜਾਵੇਗਾ। ਉਸ ਦਾ ਹੱਲ ਦੱਸ ਦਿੱਤਾ ਜਾਵੇਗਾ। ਬਹੁਤ ਸਾਰੇ ਲੋਕਾਂ ਦਾ

ਦੁੱਖ ਨਿਵਾਰਨ ਹੋ ਜਾਂਦਾ ਹੈ, ਫਿਰ ਉਹ ਸ਼ਰਧਾ ਨਾਲ ਮੰਦਰ ਵਿੱਚ ਪਿੱਤਲ ਦਾ ਘੜਿਆਲ ਲਗਵਾਉਂਦਾ ਹੈ ਇਨ੍ਹਾਂ ਮੰਦਰਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਸਾਰੇ ਦੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਨਹੀਂ ਸਥਾਪਤ ਕੀਤੀਆਂ ਜਾਂਦੀਆਂ। ਜਿਸ ਵੀ ਦੇਵੀ-ਦੇਵਤੇ ਦੀ ਪਹਿਲਾਂ ਤੋਂ ਹੀ ਮੂਰਤੀ ਸਥਾਪਤ ਕੀਤੀ ਹੁੰਦੀ ਹੈ, ਉਸੇ ਦੇਵੀ- ਦੇਵਤੇ ਪ੍ਰਤੀ ਮੰਦਰ ਵਿੱਚ ਸ਼ਰਧਾ ਪ੍ਰਗਟ ਕੀਤੀ ਜਾਂਦੀ ਹੈ। ਉਹ ਇਕੋ ਹੀ ਕਮਰੇ ਵਿੱਚ ਪੁਰਾਣੀ ਮੂਰਤੀ ਦੀ ਪੂਜਾ ਹੁੰਦੀ ਹੈ, ਜੋ ਕੁਝ ਥੋੜ੍ਹਾ-ਬਹੁਤ ਲੋਕ ਚੜ੍ਹਾਵਾ ਚੜ੍ਹਾਉਂਦੇ ਹਨ, ਉਹ ਗੋਲਕ ਵਿੱਚ ਪਾ ਦਿੱਤਾ ਜਾਂਦਾ ਹੈ। ਗੋਲਕ ਖੋਲ੍ਹਣ ਤੇ ਉਹ ਪੈਸਾ, ਉੱਥੇ ਸ਼ਰਧਾਲੂਆਂ ਦੇ ਆਉਣ ਲਈ ਖੜ੍ਹੇ ਹੋ ਕੇ ਪਹਾੜ ਦਾ ਦ੍ਰਿਸ਼ ਦੇਖਣ ਲਈ ਸਥਾਨ ਬਣਵਾ ਦਿੱਤਾ ਜਾਂਦਾ ਹੈ ਜਾਂ ਬੈਠਣ ਲਈ। ਸਾਰਾ ਕੰਮ ਬੜਾ ਸਾਦਾ ਜਿਹਾ ਹੁੰਦਾ ਹੈ। ਮੰਦਰ ਤੋਂ ਹੇਠਾਂ ਉੱਤਰ ਕੇ ਇਕ ਪਾਰਕ ਬਣਵਾ ਰੱਖਿਆ ਹੈ, ਜਿਸ ਵਿੱਚ ਬੈਂਚ ਆਦਿ ਰੱਖੇ ਹੋਏ ਹਨ। ਇੱਥੇ ਬੱਚਿਆਂ ਦੇ ਖੇਡਣ ਲਈ ਝੂਲੇ ਆਦਿ ਲੱਗੇ ਹੋਏ ਹਨ। ਬਾਹਰੋਂ ਆਏ ਸ਼ਰਧਾਲੂ ਇੱਥੇ ਆਰਾਮ ਕਰ ਸਕਦੇ ਹਨ।

ਤੀਸਰੇ ਦਿਨ ਮੰਗਲਵਾਰ 16.6.2015 ਨੂੰ ਸ੍ਰੀ ਉਤਪਰੇਤੀ ਜੀ ਦਾ ਸਾਲਾ ਸ੍ਰੀ ਮੋਹਨ ਚੰਦ ਆਪਣੀ ਟੈਕਸੀ ਲੈ ਕੇ ਆ ਗਿਆ। ਇਹ ਪੌੜੀ ਗੜਵਾਲ ਵਿੱਚ ਕਈ ਸਾਲਾਂ ਤੋਂ ਆਪਣੀ ਟੈਕਸੀ ਹੀ ਚਲਾਉਂਦਾ ਹੈ। ਦੋ ਦਿਨ ਤਾਂ ਸਾਨੂੰ ਇਸ ਲਈ ਆਪਣੇ ਘਰ ਨਹੀਂ ਲੈ ਗਿਆ ਸੀ ਕਿਉਂਕਿ ਇਹ ਪਰਿਵਾਰ ਸਹਿਤ ਕਿਤੇ ਗਿਆ ਹੋਇਆ ਸੀ। ਇਸ ਦੀ ਰਿਹਾਇਸ਼ ਪੌੜੀ ਗੜਵਾਲ ਸ਼ਹਿਰ ਵਿੱਚ ਹੀ ਹੈ, ਜਿੱਥੇ ਅਸੀਂ ਠਹਿਰੇ ਹੋਏ ਸੀ, ਉੱਥੋਂ ਕੋਈ ਤਿੰਨ ਕੁ ਕਿਲੋਮੀਟਰ ਤੇ ਸੀ। ਪਹਿਲਾਂ ਤਾਂ ਉਹ ਸਾਨੂੰ ਆਪਣੇ ਘਰ ਲੈ ਗਿਆ ਤੇ ਚਾਹ ਪਿਲਾਈ। ਉਸ ਦੇ ਘਰ ਉਸ ਦੇ ਦੋ ਮਹਿਮਾਨ ਦਿੱਲੀ ਤੋਂ ਗਏ ਹੋਏ ਸਨ। ਸਾਨੂੰ ਚਾਰਾਂ ਨੂੰ ਡਾਂਡਾ ਨਾਗਰਾਜ ਮੰਦਰੋ ਭਾਵ ਪਹਾੜ ਨਾਗਰਾਜ ਦੇ ਮੰਦਰ ਲੈ ਗਿਆ। ਡਾਂਡਾ ਤੋਂ ਭਾਵ ਪਹਾੜ ਤੋਂ ਹੈ। ਇਹ ਬਹੁਤ ਉੱਚਾਈ ਉੱਤੇ ਹੈ। ਇਸ ਮੰਦਰ ਦੀ ਵੀ ਬੜੀ ਮਾਨਤਾ ਹੈ, ਕਿ ਇਸ ਪਹਾੜ ਉੱਤੇ ਮੰਦਰ ਦੇ ਪਾਸ ਨਾਗ ਦੇਵਤਾ ਰਹਿੰਦਾ ਹੈ। ਕਈ ਵਾਰ ਉਹ ਹੇਠਾਂ ਸ਼ਹਿਰ ਵਿੱਚੋਂ ਹੁੰਦਾ ਹੋਇਆ ਬਿਲਕੁਲ ਹੇਠਾਂ ਆ ਜਾਂਦਾ ਹੈ। ਪਰ ਕਿਸੇ ਨੂੰ ਕੁਝ ਨਹੀਂ ਕਹਿੰਦਾ। ਇਸ ਮੰਦਰ ਵਿੱਚ ਵੀ ਦੁੱਖ ਨਿਵਾਰਨ ਲਈ ਪਿੱਤਲ ਦੀਆਂ ਘੰਟੀਆਂ ਚੜ੍ਹਾਈਆਂ ਜਾਂਦੀਆਂ ਹਨ, ਪਰ ਲੋਕਾਂ ਦੀ ਤਕਲੀਫ਼ ਦੂਰ ਉੱਤੇ। ਲੋਕ ਸੁੱਖਾਂ ਸੁਖਦੇ ਹਨ। ਇਹ ਘੰਟੀਆਂ ਜਦੋਂ ਮਣਾਂ-ਮੂੰਹ ਹੋ ਜਾਂਦੀਆਂ ਹਨ ਤੇ ਰੱਖਣ ਲਈ ਜਗ੍ਹਾ ਨਹੀਂ ਹੁੰਦੀ ਤਾਂ ਮੰਦਰ ਦੇ ਪ੍ਰਬੰਧਕ ਪੁਜਾਰੀ ਉਨ੍ਹਾਂ ਨੂੰ ਵੇਚ ਕੇ ਮੰਦਰ ਦੇ ਆਸ-ਪਾਸ ਦੀ ਜਗ੍ਹਾ ਨੂੰ ਠੀਕ-ਠਾਕ ਕਰਵਾ ਦਿੰਦੇ ਹਨ ਤਾਂ ਜੋ ਸ਼ਰਧਾਲੂਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਮਿਲਣ। ਮੰਦਰ ਦੇ ਹੇਠਾਂ ਇਕ ਨਦੀ ਅਲਖ ਨੰਦਾ ਵਗਦੀ ਹੈ। ਥੋੜ੍ਹੀ ਦੂਰੀ ਤੋਂ ਪਹਾੜ ਵਿੱਚੋਂ ਭਾਗੀਰਥੀ ਨਦੀ ਵੀ ਮਿਲ ਜਾਂਦੀ ਹੈ। ਇਹ ਨਦੀਆਂ ਅੱਗੇ ਜਾ ਕੇ ਗੰਗਾ ਨਦੀ ਵਿੱਚ ਜਾ ਮਿਲਦੀਆਂ ਹਨ। ਇਸ ਮੰਦਰ ਵਿੱਚ ਕੇਵਲ ਮਿਸ਼ਰੀ ਅਤੇ ਗੁੜ ਦਾ ਪ੍ਰਸ਼ਾਦ ਚੜ੍ਹਦਾ ਹੈ। ਪੁਜਾਰੀ ਜੀ ਥੋੜ੍ਹਾ ਜਿਹਾ ਗੁੜ ਅਤੇ ਮਿਸ਼ਰੀ



ਬਾਲ ਕਵਿਤਾਵਾਂ

# ਪਿਆਰੀ ਜਿਹੀ ਚਿੜੀ ਭੋਲੀ-ਭੋਲੀ !

– ਰਾਜਕੁਮਾਰ ਸਕੋਲੀਅ

ਸਭ ਦੇ ਮਨ ਨੂੰ ਭਾਉਣ ਵਾਲੀ,
ਡਾਲ੍ਹੀ-ਡਾਲ੍ਹੀ ਮਹਿਕਾਉਣ ਵਾਲੀ,
ਪਿਆਰੀ ਜਿਹੀ ਚਿੜੀ ਭੋਲੀ-ਭਾਲੀ।
ਹਰੇਕ ਮਨ ਵਿੱਚ ਵੱਸਣ ਵਾਲੀ,
ਸਭ ਦਾ ਧਿਆਨ ਰੱਖਣ ਵਾਲੀ,
ਨਿੱਕੀ ਜਿਹੀ ਚਿੜੀ ਹੈ ਮਤਵਾਲੀ।
ਨੀਲੀ, ਪੀਲੀ, ਲਾਲ ਅਤੇ ਕਾਲੀ,
ਚੀਂ-ਚੀਂ ਕਰਕੇ ਉੱਡਣ ਵਾਲੀ,
ਸੋਹਣੀ ਜਿਹੀ ਚਿੜੀ ਹੈ ਨਿਰਾਲੀ।
ਸਾਰਾ ਦਿਨ ਇਹ ਚੋਗਾ ਚੁਗਦੀ,
ਇਧਰ-ਉਧਰ ਰਹੇ ਇਹ ਉੱਡਦੀ,
ਬਹਿੰਦੀ ਹੈ ਇਹ ਡਾਲ੍ਹੀ-ਡਾਲ੍ਹੀ।

◆



# ਮੈਨੂੰ ਯਾਦ ਹੈ ਜ਼ਰਾ-ਜ਼ਰਾ

ਅਜੇ ਵੀ ਯਾਦ ਹੈ ਮੈਨੂੰ
ਉਹ ਦਿਨ, ਉਹ ਪਲ
ਜਦੋਂ ਤੂੰ ਭਿੱਜੀਆਂ ਅੱਖਾਂ
ਤੇ ਦੁੱਖ ਭਰੀ ਆਵਾਜ਼ ਵਿੱਚ
ਮੇਰੇ ਮੋਢੇ'ਤੇ ਸਿਰ ਟਿਕਾ ਕੇ
ਕਿਹਾ ਸੀ –
"ਮੈਨੂੰ ਛੱਡ ਕੇ ਕਿਤੇ ਨਾ ਜਾਵੀਂ
ਨਹੀਂ ਤਾਂ ਮੇਰਾ ਮਰਿਆ ਮੂੰਹ ਦੇਖੇਂਗਾ !"
ਪਰ ਫਿਰ ਸਮੇਂ ਨੇ
ਅਜਿਹੀ ਕਰਵਟ ਬਦਲੀ
ਕਿ ਮੈਂ ਕਿਤੇ ਨਹੀਂ ਗਿਆ
ਪਰ ਤੂੰ ਚਲੇ ਗਈ
ਕਿੱਥੇ ਤੂੰ ਮੇਰੇ ਬਗ਼ੈਰ
ਮਰ ਜਾਣ ਦੀ ਗੱਲ ਕਹਿੰਦੀ ਸੀ
ਅਤੇ ਕਿੱਥੇ ਹੁਣ ਤੂੰ
ਕਿਸੇ ਦੂਜੇ ਦੇ ਗਲ ਵਿੱਚ
ਬਾਹਵਾਂ ਪਾ ਕੇ ਹੱਸਦੀ ਰਹਿੰਦੀ ਹੈਂ।
ਤੈਨੂੰ ਇਹ ਵੀ ਅਹਿਸਾਸ ਨਹੀਂ ਰਿਹਾ
ਕਿ ਤੇਰੇ ਇਸ ਵਿਵਹਾਰ'ਤੇ
ਮੇਰੇ ਦਿਲ'ਤੇ ਕੀ ਗੁਜ਼ਰਦੀ ਹੋਵੇਗੀ।
ਤੂੰ ਇਹ ਨਹੀਂ ਸੋਚਿਆ
ਕਿ ਕਿਵੇਂ ਜੀ ਰਿਹਾ ਹੋਵਾਂਗਾ ਮੈਂ ਤੇਰੇ ਬਗ਼ੈਰ।
ਬਸ, ਹੁਣ ਕੀ ਕਰਨਾ ਹੈ
ਤੈਨੂੰ ਦੂਜਿਆਂ ਦੇ ਨਾਲ ਵੇਖ-ਵੇਖ ਕੇ
ਮਰ-ਮਰ ਕੇ ਜੀਣਾ ਹੈ।



# ਤੇਰਾ ਸਾਥ ਚਾਹੀਦਾ ਹੈ






ਮੈਨੂੰ ਗ਼ਰੀਬ ਸਮਝ ਕੇ
ਇਹ ਨਾ ਸੋਚ ਲਈਂ
ਕਿ ਮੇਰੇ ਕੋਲ ਕੁਝ ਵੀ ਨਹੀਂ
ਤੈਨੂੰ ਦੇਣ ਵਾਸਤੇ
ਬਸ ਇੰਨਾ ਜ਼ਰੂਰ ਸਮਝ ਲਈਂ
ਕਿ ਮੈਂ ਜੋ ਕੁਝ ਵੀ ਹਾਂ
ਤੇਰੀ ਹੋਂਦ ਨਾਲ ਹਾਂ
ਮੇਰਾ ਜੋ ਕੁਝ ਹੈ
ਸਭ ਤੇਰਾ ਹੈ





ਮੇਰੇ ਦਿਨ-ਰਾਤ
ਸਭ ਤੇਰੇ ਹਨ
ਮੇਰਾ ਪਲ-ਪਲ ਤੇਰਾ ਹੈ
ਮੈਂ ਕੁਝ ਵੀ ਨਹੀਂ
ਤੇਰੇ ਬਿਨਾਂ
ਤੈਨੂੰ ਵੇਖ-ਵੇਖ ਕੇ ਜਿਊਂਦਾ ਹਾਂ
ਤੇ ਤੈਨੂੰ ਵੇਖੇ ਬਿਨਾਂ





ਮਰ ਵੀ ਜਾਵਾਂਗਾ ਕਿਸੇ ਦਿਨ
ਬਸ ਮੇਰਾ ਇੰਨਾ ਸਾਥ ਜ਼ਰੂਰ ਦਈਂ
ਕਿ ਮੈਨੂੰ ਛੱਡ ਕੇ ਕਿਤੇ ਨਾ ਜਾਵੀਂ
ਜਿਹੋ ਜਿਹੇ ਵੀ ਹਾਲਾਤ ਹੋਣ
ਮੇਰੇ ਨਾਲ ਰਹੀਂ।
ਮੈਨੂੰ ਦੁੱਢਖ-ਸੁੱਖ ਵਿੱਚ
ਤੇਰਾ ਸਾਥ ਚਾਹੀਦਾ ਹੈ।
ਨਹੀਂ ਤਾਂ ਮੇਰਾ ਮਰਿਆ ਮੂੰਹ ਵੇਖੋਗੇ ਤੁਸੀਂ।

ਕਹਾਣੀ

# ਮਨਹੂਸ

— ਮਨਪ੍ਰੀਤ ਕੌਰ ਭਾਟੀਆ

ਸਵੇਰ ਦਾ ਸਮਾਂ ਸੀ। ਨਾਸ਼ਤੇ ਤੋਂ ਵਿਹਲੀ ਹੋ ਕੇ ਪ੍ਰਭਜੋਤ ਰਸੋਈ ਵਿੱਚ ਭਾਂਡੇ ਮਾਂਜਣ'ਚ ਰੁੱਝੀ ਹੋਈ ਹੈ। ਨੰਨ੍ਹੀ ਸ਼ੀਨਾ ਉਸਦੇ ਕੱਪੜੇ ਖਿੱਚ-ਖਿੱਚ ਉਸ ਨੂੰ ਤੰਗ ਕਰਦੀ ਹੋਈ ਰੋ ਰਹੀ ਹੈ। “ਜਲਦੀ ਕੰਮ ਨਬੇੜ ਲੈ ਤੇ ਜਾ ਕੇ ਸ਼ੀਨਾ ਨੂੰ ਸੰਵਾ ਦੇ” ਉਹਦੀ ਸੱਸ ਬੋਲੀ।

ਆਪਣੀ ਸੱਸ ਗੁਰਜੀਤ ਦੀ ਗੁੱਸੇ ਭਰੀ ਆਵਾਜ਼ ਸੁਣਦਿਆਂ ਹੀ ਪ੍ਰਭਜੋਤ ਕਾਹਲੀ ਨਾਲ ਕੰਮ ਨਬੇੜ ਕੇ ਸ਼ੀਨਾ ਨੂੰ ਚੁੱਕ ਕੇ ਪਿਛਲੇ ਕਮਰੇ ਅੰਦਰ ਲੈ ਗਈ ਤੇ ਦੁੱਧ ਪਿਆਉਣ ਲੱਗੀ।

ਪ੍ਰਭਜੋਤ ਦੇ ਅੰਦਰ ਜਾਂਦਿਆਂ ਹੀ ਗੁਰਜੀਤ ਨੇ ਛੇਤੀ- ਛੇਤੀ ਉੱਠ ਕੇ ਆਪਣਾ ਤੇ ਆਪਣੀ ਧੀ ਦੀਪਾ ਦਾ ਨਵਾਂ ਸੂਟ ਤੇ ਕੁਝ ਮੇਕਅੱਪ ਦਾ ਸਾਮਾਨ ਇਕ ਲਿਫ਼ਾਫ਼ੇ ਵਿੱਚ ਪਾਇਆ ਤੇ ਲਿਫ਼ਾਫ਼ਾ



ਬਾਹਰਲੇ ਗੇਟ ਵੱਲ ਖੁੱਲ੍ਹਦੇ ਬੈਠਕ ਦੇ ਦਰਵਾਜ਼ੇ ਪਿੱਛੇ ਰੱਖ ਆਈ। ਫਿਰ ਉਹਨੇ ਵਿਹੜੇ ਵਿਚ ਖੁੱਲ੍ਹਦੇ ਬੈਠਕ ਦੇ ਬੂਹੇ ਨੂੰ ਘੁੱਟ ਕੇ ਬੰਦ ਕਰ ਦਿੱਤਾ ਤੇ ਖ਼ੁਦ ਰਸੋਈ ਵਿੱਚ ਆ ਗਈ। ਏਨੇ ਨੂੰ ਬਾਹਰਲਾ ਦਰਵਾਜਾ ਖੜਕਿਆ ਤੇ ਉਸਦਾ ਦਿਉਰ ਤੇ ਦਰਾਣੀ ਅੰਦਰ ਲੰਘ ਆਏ, “ਲੈ ! ਅਜੇ ਇੰਜ ਹੀ ਬੈਠੀਆਂ ਹੋ। ਤਿਆਰ ਨਹੀਂ ਹੋਈਆਂ ?” ਗੁਰਜੀਤ ਤੇ ਦੀਪਾ ਨੂੰ ਸਾਧਾਰਣ ਜਹੇ ਸੂਟ ਵਿੱਚ ਵੇਖਦੇ ਹੀ ਪ੍ਰਭਜੋਤ ਦੀ ਦਰਾਣੀ ਦਲਜੀਤ ਬੋਲੀ।

“ਹਾਏ ਰੱਬਾ ! ਹੌਲੀ ਬੋਲ...।” ਗੁਰਜੀਤ ਸਾਰੇ ਸ਼ਬਦਾਂ ਨੂੰ ਬੁੱਲ੍ਹਾਂ 'ਚ ਦਬਾਉਂਦੀ ਹੋਈ ਦੱਬਵੀਂ ਆਵਾਜ਼'ਚ ਬੋਲੀ।

“ਕੀ ਹੋਇਆ ?” ਦਲਜੀਤ ਹੈਰਾਨ ਹੋ ਕੇ ਬੋਲੀ।

“ਇਧਰ ਬੈਠਕ ਵਿਚ ਹੀ ਆ ਜਾਓ” ਤੇ ਉਸਨੇ ਦਲਜੀਤ ਤੇ ਜਗਤਾਰ ਦੇ ਅੰਦਰ ਲੰਘਦੇ ਹੀ ਬੂਹਾ ਬੰਦ ਕਰ ਲਿਆ।

“ਹੋਰ ਕੁਝ ਨਹੀਂ, ਬਸ ਅਸਾਂ ਸੋਚਿਐ ਕਿ ਇਸ ਵਾਰ ਪ੍ਰਭਜੋਤ ਨੂੰ ਦੀਪਾ ਦੇ ਰਿਸ਼ਤੇ ਦੀ ਗੱਲ ਬਾਰੇ ਬਿਲਕੁਲ ਨਹੀਂ ਦੱਸਣਾ। ਤੁਹਾਨੂੰ ਵੀ ਪਤਾ ਈ ਹੈ ਕਿ ਆਪਣੀ ਦੀਪਾ ਦੀ ਹੁਣ ਤੱਕ ਕਈ ਥਾਈਂ ਗੱਲ ਚੱਲ ਚੁੱਕੀ ਹੈ, ਪਰ ਸਿਰੇ ਨਹੀਂ ਚੜ੍ਹਦੀ। ਜਿਹੜੀ ਥਾਂ ਵੀ ਇਹਨੂੰ ਨਾਲ ਲੈ ਕੇ ਗਈ ਆਂ, ਅਗਲਿਆਂ ਜਵਾਬ ਹੀ ਦਿੱਤੈ। ਮੈਂ ਤਾਂ ਕਈ ਵਾਰ ਇਨ੍ਹਾਂ ਨੂੰ ਕਿਹੈ ਬਈ ਇਸ ਮਨਹੂਸ ਨੂੰ ਘਰ ਹੀ ਛੱਡ ਜਾਓ। ਇਹ ਹਰ ਵਾਰ ਇਹੀ ਕਹਿੰਦੇ ਨੇ, ‘ਨਹੀਂ, ਐਵੇਂ ਚੰਗਾ ਨਹੀਂ ਲਗਦਾ। ਇਕੋ-ਇਕ ਨੂੰਹ ਏ।’ ਮੈਂ ਵੇਖਿਐ, ਜਦੋਂ ਵੀ ਕਿਧਰੇ ਗੱਲ ਤੁਰਦੀ ਏ...ਇਹਦੇ ਕੰਨੀਂ ਪੈ ਜਾਏ ਸਹੀ...ਬਸ ਗੱਲ ਉਥੇ ਹੀ ਕਿਸੇ ਤਰ੍ਹਾਂ ਠੱਪ ਹੋ ਜਾਂਦੀ ਹੈ। ਹੁਣ ਤਾਂ ਮੈਂ ਇ੍ਹਨਾਂ ਨੂੰ ਚੰਗੀ ਤਰ੍ਹਾਂ ਸਮਝਾਅ ਦਿੱਤੈ ਕਿ ਪ੍ਰਭਜੋਤ ਨੂੰ ਦੀਪਾ ਦੇ ਰਿਸ਼ਤੇ ਦੀ ਗੱਲ ਬਿਲਕੁਲ ਪਤਾ ਨਹੀਂ ਲਗਣੀ ਚਾਹੀਦੀ ਤਾਂ ਹੀ ਇਹ ਕਾਰਜ ਹੋ ਸਕਦੈ।”

“ਹੈ ਕਿੱਥੇ ਹੁਣ ?” ਵਿੱਚੋ ਹੀ ਉਸਦਾ ਦਿਉਰ ਜਗਤਾਰ ਬੋਲ ਪਿਆ।

“ਪਿਛਲੇ ਕਮਰੇ ਅੰਦਰ ਏ। ਸ਼ੀਨਾ ਨੂੰ ਸੰਵਾਉਂਦੀ ਹੋਵੇਗੀ। ਹੁਣ ਤੁਸੀਂ ਵੀ ਉਹਦੇ ਸਾਹਮਣੇ ਕੋਈ ਗੱਲ ਨਾ ਕਰਿਉ। ਇੰਜ ਲੱਗੇ ਕਿ ਤੁਸੀਂ ਵੈਸੇ ਹੀ ਮਿਲਣ ਆਏ ਹੋ।”

...ਤੇ ਏਨੇ ਨੂੰ ਪ੍ਰਭਜੋਤ ਚਾਹ ਲੈ ਕੇ ਆ ਗਈ। ਉਸ

ਦੇ ਆਉਂਦਿਆਂ ਹੀ ਸਾਰੇ ਚੁੱਪ ਹੋ ਗਏ। ਪੈਰੀਂ ਹੱਥ ਲਾਉਣ ਤੋਂ ਬਾਅਦ ਉਹ ਉੱਥੇ ਉਨ੍ਹਾਂ ਕੋਲ ਹੀ ਬੈਠ ਗਈ।

“ਸੌਂ ਗਈ ਸ਼ੀਨਾ ?” ਦਲਜੀਤ ਓਪਰਾ ਜਿਹਾ ਮੁਸਕ੍ਰਾਉਂਦੀ ਹੋਈ ਬੋਲੀ।

“ਹਾਂ ਜੀ...” ਕਹਿੰਦਿਆਂ ਉਹ ਦਲਜੀਤ ਨਾਲ ਹੋਰ ਗੱਲਾਂ ਕਰਨ ਲੱਗ ਪਈ।

“ਆਟਾ ਗੁੰਨ੍ਹਣ ਵਾਲਾ ਪਿਐ...ਜਾਹ, ਜਾ ਕੇ ਆਟਾ ਗੁੰਨ੍ਹ ਲੈ।” ਗੁਰਜੀਤ ਦੇ ਕਹਿੰਦਿਆਂ ਹੀ ਪ੍ਰਭਜੋਤ ਉੱਠ ਕੇ ਰਸੋਈ ਵਿੱਚ ਆ ਗਈ ਤੇ ਦਲਜੀਤ ਨੇ ਝੱਟ ਉੱਠ ਕੇ ਬੂਹਾ ਢੋਅ ਦਿੱਤਾ। ਪ੍ਰਭਜੋਤ ਨੂੰ ਉਨ੍ਹਾਂ ਦਾ ਅਜਿਹਾ ਕਰਨਾ ਬਿਲਕੁਲ ਵੀ ਚੰਗਾ ਨਾ ਲੱਗਾ ਤੇ ਝੱਟ ਹੀ ਉਸਦੀਆਂ ਅੱਖਾਂ ਵਿੱਚ ਅੱਥਰੂ ਘੁਲਣ ਲੱਗੇ। ਬੈਠਕ ਵਿੱਚ ਕੁਝ ਦੇਰ ਉਨ੍ਹਾਂ ਦਾ ਵਿਚਾਰ-ਵਟਾਂਦਰਾ ਚਲਦਾ ਰਿਹਾ ਤੇ ਫਿਰ ਗੁਰਜੀਤ ਬੋਲੀ, “ਤੁਸੀਂ ਇੰਜ ਕਰੋ... ਸਿੱਧੇ ਹੋਟਲ ਪਹੁੰਚੋ। ਕਮਰਾ ਉੱਥੇ ਅਸਾਂ ਬੁੱਕ ਕਰਵਾ ਦਿੱਤਾ ਹੋਇਐ। ਉੱਥੇ ਹੀ ਵੇਖ-ਵਿਖਾਈ ਕਰਾਂਗੇ। ਤੁਸੀਂ ਜਾ ਕੇ ਚਾਬੀ ਲੈ ਕੇ ਬੂਹਾ ਖੋਲ੍ਹੋ। ਇਹ ਤੇ ਕੁਲਰਾਜ ਦਫ਼ਤਰ ਤੋਂ ਸਿੱਧੇ ਉੱਥੇ ਈ ਆ ਜਾਣਗੇ। ਮੈਂ ਬਲਜੀਤ ਨੂੰ ਵੀ ਫ਼ੋਨ ਕਰ ਦਿੱਤਾ ਸੀ ਬਈ ਪ੍ਰਾਹੁਣੇ ਨਾਲ ਸਿੱਧੀ ਹੋਟਲ ਈ ਆ ਜਾਵੀਂ। ਮੈਂ ਤਾਂ ਇਹੋ ਚਾਹੁੰਦੀ ਹਾਂ ਕਿ ਗੱਲ ਬਣ ਜਾਵੇ ਹੁਣ ਬਸ। ਅਠਾਈਆਂ ਦੀ ਹੋ ਚੱਲੀ ਐ ਆਪਣੀ ਦੀਪਾ। ਮੈਨੂੰ ਤਾਂ ਇਹਦੇ ਫ਼ਿਕਰ ਨੇ ਈ ਖਾ ਲਿਐ। ਜਿੱਥੇ ਵੀ ਮੁੰਡਾ ਵੇਖਦੇ ਆਂ, ਅਗਲੇ ਕੁੜੀ ਵੇਖਦੇ ਨੇ ਤੇ ਬਸ ਚੁੱਪ ਈ ਕਰ ਜਾਂਦੇ ਨੇ। ਪਤਾ ਨਹੀਂ ਕੀਹਦੀ ਨਜ਼ਰ ਖਾ ਗਈ ਏ।” ਗੁਰਜੀਤ ਡਾਢੀ ਉਦਾਸ ਹੁੰਦੀ ਬੋਲੀ।

“ਕੋਈ ਨਾ, ਕੋਈ ਨਾ। ਫ਼ਿਕਰ ਨਾ ਕਰੋ। ਸਾਨੂੰ ਤਾਂ ਲਗਦੈ ਇਸ ਵਾਰੀ ਗੱਲ ਬਣ ਈ ਜਾਣੀ ਐ...ਮੁੰਡਾ ਵੀ ਵਧੀਐ...ਤੇ ਘਰਬਾਰ ਵੀ...ਚਲੋ ਮੀਟ-ਸ਼ਰਾਬ ਦਾ ਈ ਲਗਦੈ ਤੁਹਾਨੂੰ...ਵੈਸੇ ਵੇਖਿਆ ਜਾਏ ਤਾਂ ਇਹ ਕੋਈ ਵੱਡੀ ਗੱਲ ਨਹੀਂ... ਉਹ ਕਿਹੜਾ ਰੋਜ਼-ਰੋਜ਼ ਖਾਂਦਾ-ਪੀਂਦੈ। ਪਾਰਟੀ ਵਗ਼ੈਰਾ 'ਤੇ ਤਾਂ ਅੱਜਕਲ੍ਹ ਸਾਰੇ ਈ ਖਾ-ਪੀ ਲੈਂਦੇ ਨੇ।”

“ਚਲੋ ਗੱਲਾਂ ਫਿਰ ਹੁੰਦੀਆਂ ਰਹਿਣਗੀਆਂ...। ਛੇਤੀ ਕਰੋ ਹੁਣ ਤੁਸੀਂ ਸਿੱਧੇ ਹੋਟਲ ਚਲੋ।” ਗੁਰਜੀਤ ਜਗਤਾਰ ਦੀ ਗੱਲ ਕੱਟਦੀ ਹੋਈ ਬੋਲੀ ਤੇ ਉਹ ਸਾਰੇ ਉੱਠ ਖੜੇ ਹੋਏ। “ਦੀਪਾ ਚਲ ਤੁਰ...।” ਉਨ੍ਹਾਂ ਦੇ ਜਾਂਦਿਆਂ ਹੀ ਗੁਰਜੀਤ ਨੇ ਦੀਪਾ ਨੂੰ ਆਵਾਜ਼ ਮਾਰੀ।

“ਕਿਧਰ ਚੱਲੇ ਓ ?” ਕੋਲ ਬੈਠੀ ਪ੍ਰਭਜੋਤ ਨੇ ਪੁੱਛਿਆ।

“ਤੂੰ ਜ਼ਰੂਰ ਪੁੱਛਣੈਂ ?...ਨਹਿਸ਼ ਕਿਤੋਂ ਦੀ...।” ਬਿਨਾਂ ਬੋਲੇ ਗੁਰਜੀਤ ਮਨ ਈ ਮਨ ਕੁੜ੍ਹਨ ਲੱਗੀ ਤੇ ਉਸ



ਦੇ ਮੱਥੇ ਦੇ ਵੱਟ ਹੋਰ ਵੀ ਗੂੜ੍ਹੇ ਹੋ ਗਏ। “ਬਾਹਰਲੇ ਗੁਰਦੁਆਰੇ ਚੱਲੇ ਆਂ...ਮੱਥਾ ਟੇਕਣ।” ਇਹ ਕਹਿੰਦਿਆਂ ਗੁਰਜੀਤ ਤੇ ਦੀਪਾ ਨੇ ਚੁੰਨੀ ਚੁੱਕੀ, ਜੁੱਤੀ ਪਾਈ ਤੇ ਬਾਹਰਲੇ ਗੇਟ ਵੱਲ ਹੋ ਤੁਰੀਆਂ। ਦੀਪਾ ਨੇ ਹੌਲੀ ਜਹੀ ਲਿਫ਼ਾਫ਼ਾ ਵੀ ਚੁੱਕ ਲਿਆ।

“ਸ਼ੁਕਰ ਐ ਇਸ ਵਾਰ ਭਾਪੇ ਤੇ ਵੀਰ ਜੀ ਨੇ ਭਾਬੀ ਨੂੰ ਕੋਈ ਗੱਲ ਨਹੀਂ ਦੱਸੀ।” ਰਿਕਸ਼ੇ 'ਤੇ ਬੈਠਦਿਆਂ ਦੀਪਾ ਮਾਂ ਅੱਗੇ ਮਨ ਦੀ ਭੜਾਸ ਕੱਢਦੀ ਹੋਈ ਬੋਲੀ।

“ਮੈਂ ਤਾਂ ਹਰ ਵਾਰ ਕਹਿਨੀ ਆਂ। ਇਨ੍ਹਾਂ ਨੂੰ ਪਤਾ ਨਹੀਂ, ਕੀ ਹੈਗੈ ਉਹਦੇ ਨਾਲ। ਚਲ ਛੱਡ ਹੁਣ, ਉਹਦਾ ਧਿਆਨ ਬਿਲਕੁਲ ਨਾ ਕਰ।” ਗੁਰਜੀਤ ਬੋਲੀ।

ਹੋਟਲ ਦੇ ਕਮਰੇ 'ਚ ਪਹੁੰਚਦਿਆਂ ਹੀ ਉਨ੍ਹਾਂ ਵੇਖਿਆ ਦਲਜੀਤ ਤੇ ਜਗਤਾਰ ਉੱਥੇ ਪਹੁੰਚੇ ਹੋਏ ਸਨ।

ਮਾਂਵਾਂ-ਧੀਆਂ ਨੇ ਛੇਤੀ-ਛੇਤੀ ਕਪੜੇ ਬਦਲ ਲਏ। ਥੋੜ੍ਹੀ ਦੇਰ ਬਾਅਦ ਇਕ ਪਾਰਲਰ ਵਾਲੀ ਕੁੜੀ ਵੀ ਆ ਗਈ, ਜਿਸ ਨੂੰ ਗੁਰਜੀਤ ਨੇ ਖ਼ਾਸ ਤੌਰ`ਤੇ ਸੱਦਿਆ ਸੀ। ਉਹ ਚਾਹੁੰਦੀ ਸੀ ਕਿ ਉਹ ਦੀਪਾ ਦੀ ਸਾਧਾਰਣ ਜਹੀ ਦਿੱਖ ਨੂੰ ਆਕ੍ਰਸ਼ਕ ਬਣਾ ਦੇਵੇ, ਜਿਵੇਂ ਉਹ ਬਜ਼ਿੱਦ ਸੀ ਕਿ ਅੱਜ ਰਿਸ਼ਤਾ ਕਰਕੇ ਹੀ ਜਾਣਾ ਹੈ। ਗੁਰਜੀਤ ਦਾ ਪਤੀ ਸੁਖਦੀਪ ਸਿੰਘ ਤੇ ਕੁਲਰਾਜ ਵੀ ਆ ਗਏ। ਏਨੇ ਨੂੰ ਧੀ ਬਲਜੀਤ ਤੇ ਉਸਦੇ ਘਰਵਾਲੇ ਨੇ ਆ ਕੇ ਦੱਸਿਆ ਕਿ ਮੁੰਡੇ ਵਾਲਿਆਂ ਦੀ ਕਾਰ ਹੇਠਾਂ ਖੜੀ ਲਗਦੀ ਹੈ। ਉਹ ਸਾਰੇ ਹੇਠਾਂ ਚਲੇ ਗਏ।

`ਇਹ ਤਾਂ ਸਿਰਫ਼ ਤਿੰਨ ਜਣੇ ਹੀ ਆਏ ਨੇ। ਮੈਂ ਵੀ ਤੈਨੂੰ ਕਿਹਾ ਸੀ ਕਿ ਆਪਾਂ ਵੀ ਬਸ ਤਿੰਨੋਂ ਈ ਠੀਕ ਆਂ। ਤੂੰ ਈ ਸਾਰਿਆਂ ਨੂੰ ਸੱਦ ਬਹਿਨੀ ਏਂ।" ਦੂਰੋਂ ਮੁੰਡੇ ਵਾਲਿਆਂ ਨੂੰ ਵੇਖਦਿਆਂ ਈ ਸੁਖਦੀਪ, ਗੁਰਜੀਤ ਦੇ ਕੰਨ ਕੋਲ ਹੁੰਦਿਆਂ ਬੋਲਿਆ।

`ਕੋਈ ਨਹੀਂ..., ਸਾਰਿਆਂ ਦਾ ਆਉਣਾ ਜ਼ਰੂਰੀ ਹੁੰਦੈ...। ਸਾਰੇ ਖ਼ਾਸ ਨੇ...ਕੀਹਨੂੰ ਛੱਡੀਏ...ਸਾਰਿਆਂ ਦੀ ਸਲਾਹ ਲੈਣੀ ਹੁੰਦੀ ਏ...ਤੇ ਹੁਣ ਚੁੱਪ ਕਰ ਜਾਉ ਤੁਸੀਂ।" ਗੁਰਜੀਤ ਨੇ ਗੁੱਸੇ ਵਿਚ ਬੋਲਦਿਆਂ ਸੁਖਦੀਪ ਨੂੰ ਘੂਰੀ ਵੱਟੀ ਤਾਂ ਉਹ ਇਕਦਮ ਚੁੱਪ ਕਰ ਗਿਆ।

ਰਸਮੀ ਸਤਿ ਸ੍ਰੀ ਅਕਾਲ ਤੋਂ ਬਾਅਦ ਕੁਝ ਦੇਰ ਹੇਠਾਂ ਹਾਲ ਵਿਚ ਬੈਠ ਕੇ ਹੀ ਗੱਲਬਾਤ ਹੁੰਦੀ ਰਹੀ ਤੇ ਫਿਰ ਸਾਰੇ ਕਮਰੇ ਵਿਚ ਆ ਗਏ। ਉਨ੍ਹਾਂ ਦੀ ਖ਼ਾਤਰਦਾਰੀ ਦਾ ਵੀ ਪੂਰਾ ਪ੍ਰਬੰਧ ਸੀ। ਮੁੰਡਾ ਸੋਹਣਾ, ਸੁਣੱਖਾ ਹੋਣ ਕਾਰਨ ਸਾਰਿਆਂ ਨੂੰ ਜੱਚ ਗਿਆ। ਸੁਖਦੀਪ ਨੇ ਸਾਰਿਆਂ ਦੀ ਜਾਣ-ਪਛਾਣ ਕਰਾਈ। ਨੂੰਹ ਬਾਰੇ ਪੁੱਛਣ`ਤੇ ਗੁਰਜੀਤ ਨੇ ਝੱਟ ਕਿਹਾ,`ਉਹ ਰਾਤ ਦੀ ਢਿੱਲੀ ਸੀ...ਬਸ ਥੋੜ੍ਹੀ ਦੇਰ ਲਈ ਕਿਸੇ ਰਿਸ਼ਤੇਦਾਰ ਨੂੰ ਉਸ ਕੋਲ ਛੱਡ ਕੇ ਆਏ ਹਾਂ। ਸਾਡਾ ਤਾਂ ਸਾਰਾ ਧਿਆਨ ਹੀ ਉਸ ਵਿਚ ਹੈ।"

ਖ਼ੈਰ ! ਗੱਲ ਆਈ-ਗਈ ਹੋ ਗਈ। ਮੁੰਡੇ ਦੇ ਪਿਉ ਨੇ ਦੀਪਾ ਤੋਂ ਕਈ ਤਰ੍ਹਾਂ ਦੇ ਸਵਾਲ ਪੁੱਛੇ, ਜਿਨ੍ਹਾਂ ਵਿਚੋਂ ਕਈ ਗੱਲਾਂ ਗੁਰਜੀਤ ਤੇ ਸੁਖਦੀਪ ਨੂੰ ਬਿਲਕੁਲ ਵੀ ਚੰਗੀਆਂ ਨਾ ਲੱਗੀਆਂ, ਪਰ ਉਨ੍ਹਾਂ ਨੇ ਚੁੱਪ ਰਹਿਣਾ ਹੀ ਮੁਨਾਸਬ ਸਮਝਿਆ। ਸਾਰਿਆਂ ਦੀ ਆਪਸੀ ਗੱਲਬਾਤ ਤੋਂ ਬਾਅਦ ਕੁਝ ਦੇਰ ਲਈ ਕੁੜੀ-ਮੁੰਡੇ ਨੂੰ ਗੱਲਬਾਤ ਕਰਨ ਲਈ ਇਕੱਲਿਆਂ ਛੱਡ ਦਿੱਤਾ ਗਿਆ। ਉਸ ਮਗਰੋਂ ਕੁਝ ਦੇਰ ਮੁੰਡੇ ਵਾਲੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਦੇ ਰਹੇ। ਜਦੋਂ ਸਾਰੇ ਮੁੜ ਇਕੱਠੇ ਹੋਏ ਤਾਂ ਸੁਖਦੀਪ ਦੇ ਪੁੱਛਣ`ਤੇ ਮੁੰਡੇ ਦਾ ਪਿਉ ਬੋਲਿਆ, `ਕਾਹਲੀ ਕਾਹਦੀ ਐ ਜੀ...ਆਪਾਂ ਇਕ-ਦੂਜੇ ਨੂੰ ਮਿਲ ਲਿਐ, ਗੱਲਬਾਤ ਕਰ ਲਈ ਏ। ਘਰ ਜਾ ਕੇ ਤੁਸੀਂ ਵੀ ਆਰਾਮ ਨਾਲ ਸਲਾਹ ਕਰ ਲਉ ਤੇ ਅਸੀਂ ਵੀ ਕਰ ਲੈਂਦੇ ਆਂ। ਬਾਕੀ ਗੱਲਾਂ-ਬਾਤਾਂ ਤਾਂ ਫ਼ੋਨ`ਤੇ ਹੁੰਦੀਆਂ ਈ ਰਹਿਣਗੀਆਂ।"




ਫਿਰ ਕੁਝ ਦੇਰ ਦੀਆਂ ਸਾਧਾਰਣ ਗੱਲਾਂ-ਬਾਤਾਂ ਤੋਂ ਬਾਅਦ ਉਹ ਉਨ੍ਹਾਂ ਨੂੰ ਹੇਠਾਂ ਤੱਕ ਛੱਡਣ ਲਈ ਚਲੇ ਗਏ ਤੇ ਉਧਰੋਂ ਹੀ ਸਾਰੇ ਆਪੋ-ਆਪਣੇ ਟਿਕਾਣਿਆਂ ਤੇ ਚਲੇ ਗਏ।

ਦਿਨ ਬੀਤਣ ਲੱਗੇ। ਉਹ ਕੁਝ ਦਿਨ ਫ਼ੋਨ ਉਡੀਕਦੇ ਰਹੇ ਤੇ ਇਕ ਦਿਨ ਸੁਖਦੀਪ ਨੇ ਮੁੰਡੇ ਵਾਲਿਆਂ ਨੂੰ ਫ਼ੋਨ ਕੀਤਾ ਤਾਂ ਅੱਗੋਂ ਜਵਾਬ ਮਿਲਿਆ, `ਅਜੇ ਸਲਾਹ ਕਰ ਰਹੇ ਹਾਂ। ਦੋ ਕੁ ਦਿਨ ਠਹਿਰ ਕੇ ਫ਼ੋਨ ਕਰਿਉ`। ਉਨ੍ਹਾਂ ਨੇ ਫਿਰ ਫ਼ੋਨ ਕੀਤਾ ਤਾਂ ਕੋਈ ਹੋਰ ਬਹਾਨਾ। ਕੁਝ ਦਿਨਾਂ ਬਾਅਦ ਫਿਰ ਫ਼ੋਨ ਕੀਤਾ ਤਾਂ ਅਗਲਿਆਂ ਫ਼ੋਨ ਈ ਕੱਟ ਦਿੱਤਾ। ਭਰਿਆ-ਪੀਤਾ

ਸੁਖਦੀਪ, ਗੁਰਜੀਤ ਵੱਲ ਵੇਖਦਿਆਂ ਬੋਲਿਆ,“ਲੈ ਵੇਖ ਲੈ ਲੋਕਾਂ ਦਾ ਹਾਲ...ਅੱਜਕਲ੍ਹ ਤਾਂ ਲੋਕੀਂ ਅਸਮਾਨੇ ਚੜ੍ਹੇ ਪਏ ਨੇ। ਆਕੜ ਈ ਮਾਣ ਨਹੀਂ। ਗੱਲ ਕਰਕੇ ਵੀ ਰਾਜ਼ੀ ਨਹੀਂ ਹੁਣ...ਤੂੰ ਹੀ ਹੋਟਲ ਦਾ ਕਮਰਾ ਬੁੱਕ ਕਰਾਉਣ ਨੂੰ ਕਹਿ ਬਹਿਨੀ ਏਂ...। ਕਦੇ ਖ਼ਰਚੇ ਬਾਰੇ ਵੀ ਸੋਚ ਲਿਆ ਕਰ...ਗੱਲ ਪਤਾ ਨਹੀਂ ਬਣਨੀ ਹੁੰਦੀ ਏ ਕਿ ਨਹੀਂ...ਇਹਦੇ ਨਾਲੋਂ ਤਾਂ ਘਰ ਹੀ ਸੱਦ ਲੈਂਦੇ...” ਸੁਖਦੀਪ ਗੁੱਸੇ ਨਾਲ ਮੱਥੇ ’ਤੇ ਤਿਊੜੀਆਂ ਪਾਈ ਗੁਰਜੀਤ ਨੂੰ ਘੂਰਦਾ ਹੋਇਆ ਬੋਲਿਆ।

“ਮਗਰੋਂ ਘਰ ਸੱਦ ਲੈਂਦੇ..., ਇੱਥੇ ਆਹ ਜੋ ਬੈਠੀ



ਏ...ਹਰ ਗੱਲ ਵਿਚ ਛੱਤੀ ਸਵਾਲ ਪੁੱਛਣ ਵਾਲੀ...ਇਹਦੀ ਊਂ ਈ ਹਾਅ ਪੈ ਜਾਂਦੀ ਐ ਹਰ ਵਾਰ...ਸੱਚ ਦੱਸਾਂ ਤਾਂ ਇਹ ਮੇਰੀ ਕੁੜੀ ਤੋਂ ਸੜਦੀ ਏ...।” ਗੁਰਜੀਤ ਬੋਲੀ।

“ਤੂੰ ਤਾਂ ਐਵੇਂ ਈ ਉਹਦੇ ਮਗਰ ਪਈ ਰਹਿੰਨੀ ਏਂ...ਇਹ ਵਾਰ ਤਾਂ ਉਹਨੂੰ ਕੁਝ ਦੱਸਿਆ ਈ ਨਹੀਂ ਸੀ...।” ਸੁਖਦੀਪ ਹੋਰ ਖਿਝਦਾ ਹੋਇਆ ਬੋਲਿਆ।

“ਸੁਣ ਲਈ ਹੋਣੀ ਏ ਉਹਨੇ ਕੋਈ ਨਾ ਕੋਈ ਗੱਲ...ਆਖ਼ਰ ਤਾਂ ਘਰ ਵਿੱਚ ਈ ਰਹਿੰਦੀ ਏ...ਪੱਥਰ-ਪਾੜ ਨਜ਼ਰ ਏ ਉਹਦੀ।” ਗੁਰਜੀਤ ਗੁੱਸੇ ਵਿਚ ਉਬਲਦੀ ਹੋਈ ਬੁੜਬੁੜਾਈ।

ਏਨੇ ਨੂੰ ਫ਼ੋਨ ਵੱਜਿਆ। ਗੁਰਜੀਤ ਨੇ ਫ਼ੋਨ ਚੁੱਕਿਆ ਤੇ ਪ੍ਰਭਜੋਤ ਲਈ ਫ਼ੋਨ ਹੋਣ ਕਾਰਨ ਉਸਨੂੰ ਆਵਾਜ਼ ਲਾ ਦਿੱਤੀ। ਪ੍ਰਭਜੋਤ ਫ਼ੋਨ ਸੁਣਨ ਲੱਗੀ ਤੇ ਕੁਝ ਦੇਰ ਮਗਰੋਂ ਗੁਰਜੀਤ ਤੇ ਸੁਖਦੀਪ ਕੋਲ ਆ ਬੈਠੀ।

“ਹੂੰ...ਕੀ ਗੱਲ ਏ...?” ਉਸ ਨੂੰ ਇੰਜ ਬੈਠੇ ਦੇਖ ਗੁਰਜੀਤ ਖਿੱਝ ਜਹੀ ਗਈ।

“ਮੰਮੀ ਜੀ...ਮੈਂ ਤੁਹਾਡੇ ਤੇ ਭਾਪਾ ਜੀ ਨਾਲ ਇਕ ਖ਼ਾਸ ਗੱਲ ਕਰਨੀ ਏ।” ਉਹਨੇ ਜਵਾਬ ਦਿੱਤਾ।

“ਕੀ ?” ਗੁਰਜੀਤ ਦੇ ਮੱਥੇ ਦੇ ਵੱਟ ਹੋਰ ਵੀ ਡੂੰਘੇ ਹੋ ਗਏ। ਸੁਖਦੀਪ ਵੀ ਉੱਠ ਕੇ ਬੈਠ ਗਿਆ।

“ਗੱਲ...ਇਹ ਹੈ ਕਿ ਮੇਰੇ ਤਾਇਆ ਜੀ ਦਾ ਫ਼ੋਨ ਸੀ...।”

“ਫੇਰ...?” ਗੁਰਜੀਤ ਸਵਾਲੀਆ ਨਜ਼ਰਾਂ ਨਾਲ ਉਸਨੂੰ ਘੂਰਦੀ ਹੋਈ ਬੋਲੀ।

“ਮੇਰੇ ਤਾਏ ਦਾ ਮੁੰਡਾ ਹੈ ਨਾ ਹਰਦੇਵ। ਉਹੀ ਜਿਸ ਨੇ ਐਮ.ਏ., ਬੀ.ਐੱਡ ਕੀਤੀ ਹੋਈ ਐ...। ਉਸਨੂੰ ਸਰਕਾਰੀ ਨੌਕਰੀ ਮਿਲ ਗਈ ਅ। ਤੁਹਾਨੂੰ ਯਾਦ ਈ ਹੋਣੈਂ...। ਉਹ ਦਲਜੀਤ ਚਾਚੀ ਦੇ ਮੁੰਡੇ ਦੇ ਵਿਆਹ ’ਤੇ ਵੀ ਆਇਆ ਸੀ, ਉੱਚਾ-ਲੰਮਾ, ਸੋਹਣਾ ਤੇ ਪੂਰਨ ਗੁਰਸਿੱਖ ਹੈ...ਤੇ ਸਭ ਤੋਂ ਵੱਡੀ ਗੱਲ ਉਸਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਐਬ ਨਹੀਂ...ਉਨ੍ਹਾਂ ਨੂੰ ਇਕ ਸਾਦੀ ਜਹੀ ਤੇ ਪੜ੍ਹੀ-ਲਿਖੀ ਕੁੜੀ ਦੀ ਲੋੜ ਹੈ। ਤਾਈ ਹੁਰਾਂ ਨੇ ਉਦੋਂ ਵਿਆਹ ’ਤੇ ਈ ਦੀਪਾ ਨੂੰ ਵੇਖਿਆ ਸੀ...ਉਨ੍ਹਾਂ ਨੂੰ ਦੀਪਾ ਪਸੰਦ ਐ ਤੇ ਉਹ...! ਜੇ ਤੁਹਾਡੀ ਰਜ਼ਾਮੰਦੀ ਹੋਵੇ...। ਤਾਈ ਹੁਰਾਂ ਤਾਂ ਉਦੋਂ ਵੀ ਮੇਰੇ ਨਾਲ ਗੱਲ ਕੀਤੀ ਸੀ ਤੇ ਨਾਲੇ ਕਿਹਾ ਸੀ ਪਹਿਲਾਂ ਮੁੰਡੇ ਨੂੰ ਨੌਕਰੀ ਮਿਲ ਜਾਵੇ ਫਿਰ ਤੂੰ ਆਪਣੇ ਸੱਸ-ਸਹੁਰੇ ਨਾਲ ਗੱਲ ਕਰੀਂ ਤੇ ਅੱਜ ਉਨ੍ਹਾਂ ਇਹੀ ਦੱਸਿਐ ਬਈ ਉਸਨੂੰ ਨੌਕਰੀ ਮਿਲ ਗਈ ਹੈ।” ਪ੍ਰਭਜੋਤ ਮੁਸਕਰਾਉਂਦੀ ਹੋਈ ਬੋਲੀ।

ਗੁਰਜੀਤ ਤੇ ਸੁਖਦੀਪ ਹੈਰਾਨ ਹੋਏ ਬੜੇ ਧਿਆਨ ਨਾਲ ਪ੍ਰਭਜੋਤ ਦੀ ਇਕ-ਇਕ ਗੱਲ ਸੁਣ ਰਹੇ ਸਨ। ਉਨ੍ਹਾਂ ਨੇ ਝੱਟ ਕੁਲਰਾਜ ਨਾਲ ਸਲਾਹ ਕੀਤੀ। ਉਨ੍ਹਾਂ ਨੂੰ ਇਸ ਰਿਸ਼ਤੇ ਵਿਚ ਕਿਸੇ ਪਾਸਿਉਂ ਵੀ ਕੋਈ ਕਮੀ ਨਜ਼ਰ ਨਾ ਆਈ ਤੇ ਉਨ੍ਹਾਂ ਨੇ ਪ੍ਰਭਜੋਤ ਨੂੰ ਕਹਿ ਕੇ ਉਨ੍ਹਾਂ ਨਾਲ ਫ਼ੋਨ ’ਤੇ ਸਾਰੀ ਗੱਲਬਾਤ ਕੀਤੀ।

ਤਸੱਲੀ ਹੋ ਜਾਣ'ਤੇ ਅਗਲੇ ਦਿਨ ਹੀ ਉਨ੍ਹਾਂ ਨੂੰ ਘਰ ਬੁਲਾ ਲਿਆ।

ਪ੍ਰਭਜੋਤ ਦਾ ਚਿਹਰਾ ਖਿੜਿਆ ਹੋਇਆ ਸੀ। ਉਹ ਪੂਰੇ ਜੋਸ਼ ਨਾਲ ਚਾਹ-ਪਾਣੀ ਮਗਰੋਂ ਰੋਟੀ ਦੇ ਪ੍ਰਬੰਧ ਵਿੱਚ ਲੱਗੀ ਰਹੀ। ਸਾਰੇ ਆਪਸ ਵਿਚ ਗੱਲਬਾਤ ਕਰਦੇ ਰਹੇ। ਮੁੰਡਾ ਬੇਹੱਦ ਮਿਲਣ- ਸਾਰ ਹੋਣ ਕਾਰਨ ਆਪ ਵੀ ਹੱਸ-ਹੱਸ ਕੇ ਗੱਲਾਂ-ਬਾਤਾਂ ਕਰਦਾ ਰਿਹਾ। ਇਸ ਤੋਂ ਪਹਿਲਾਂ ਕਿ ਸੁਖਦੀਪ ਮੁੰਡੇ ਵਾਲਿਆਂ ਨੂੰ ਕੁਝ ਹੋਰ ਪੁੱਛਦਾ, ਮੁੰਡੇ ਦਾ ਪਿਉ ਹੱਸਦਾ ਹੋਇਆ ਬੋਲਿਆ, "ਲਉ ਜੀ ਹੁਣ ਇਹ ਸਾਡੀ ਧੀ ਹੋਈ...ਹੁਣ ਤੁਸੀਂ ਵਿਆਹ ਦੀ ਤਰੀਕ ਪੱਕੀ ਕਰੋ।"

ਲੈਣ-ਦੇਣ ਦੀ ਗੱਲਬਾਤ ਛਿੜਦਿਆਂ ਹੀ ਉਹ ਖਿੜਖਿੜਾ ਕੇ ਹੱਸਦਿਆਂ ਬੋਲਿਆ, "ਓ ਵੀਰ ਮੇਰਿਆ, ਤੂੰ ਕੁੜੀ ਦੇ ਦਿੱਤੀ ਤਾਂ ਸਭ ਕੁਝ ਦੇ'ਤਾ। ਸਾਨੂੰ ਕੁਝ ਨਹੀਂ ਚਾਹੀਦਾ। ਕੰਨਿਆਦਾਨ ਤੋਂ ਵੱਡਾ ਹੋਰ ਕਿਹੜਾ ਦਾਨ ਹੁੰਦੈ ਭਲਾ !" ਉਸ ਦੀ ਗੱਲ ਸੁਣਦੇ ਹੀ ਸਾਰੇ ਪਾਸੇ ਖੁਸ਼ੀ ਲਹਿਰ ਦੌੜ ਗਈ।

ਏਨੇ ਵਧੀਆ ਮੁੰਡੇ ਨੂੰ ਆਪਣੇ ਜੀਵਨ-ਸਾਥੀ ਦੇ ਰੂਪ ਵਿੱਚ ਪਾ ਕੇ ਦੀਪਾ ਬਹੁਤ ਹੀ ਖੁਸ਼ ਸੀ। ਜਗਤਾਰ ਤੇ ਦਲਜੀਤ ਹੈਰਾਨੀ'ਚ ਇਕ-ਦੂਜੇ ਨੂੰ ਤੱਕ ਰਹੇ ਸਨ। ਖੁਸ਼ੀ ਦੀ ਖ਼ਬਰ ਮਿਲਦਿਆਂ ਹੀ ਬਲਜੀਤ ਵੀ ਘਰਵਾਲੇ ਨਾਲ ਪਹੁੰਚ ਚੁੱਕੀ ਸੀ। ਸਾਰੇ ਪਾਸੇ ਹਾਸਾ ਸੀ, ਖੁਸ਼ੀ ਸੀ ਤੇ ਸਿਰਫ਼ ਖੇੜਾ ਸੀ।

ਗੁਰਜੀਤ ਹੈਰਾਨ ਹੋ ਰਹੀ ਸੀ ਕਿ ਏਨੇ ਸਾਲਾਂ ਤੋਂ ਉਨ੍ਹਾਂ ਨੇ ਦੀਪਾ ਦੇ ਰਿਸ਼ਤੇ ਲਈ ਕੀ-ਕੀ ਨਹੀਂ ਕੀਤਾ, ਕਿੱਥੇ-ਕਿੱਥੇ ਧੱਕੇ ਨਹੀਂ ਖਾਧੇ ਤੇ ਜਿਸ ਪ੍ਰਭਜੋਤ ਨੂੰ ਉਹ ਹਮੇਸ਼ਾ ਮਨਹੂਸ ਸਮਝਦੀ ਰਹੀ ਅੱਜ ਉਸ ਕਾਰਨ ਹੀ ਮਿੰਟਾਂ ਵਿੱਚ ਹੀ ਇਹ ਕੰਮ ਨੇਪਰੇ ਚੜ੍ਹ ਗਿਆ। ਰੱਬ ਦਾ ਸ਼ੁਕਰ ਕਰਦਿਆਂ ਉਸਦੀਆਂ ਅੱਖਾਂ ਭਰ ਆਈਆਂ ਤੇ ਤ੍ਰਿਪ-ਤ੍ਰਿਪ ਕਰਦੇ ਹੰਝੂ ਉਸਦੀਆਂ ਅੱਖਾਂ ਦੀਆਂ ਦਹਿਲੀਜ਼ਾਂ ਪਾਰ ਕਰਕੇ ਗੱਲ੍ਹਾਂ ਤੇ ਉਤਰਨ ਲੱਗੇ।

ਇਹ ਵੇਖ ਕੇ ਕੋਲ ਖੜ੍ਹੀ ਪ੍ਰਭਜੋਤ ਬੋਲੀ, "ਕੀ ਹੋਇਆ ਮੰਮੀ ਜੀ, ਤੁਸੀਂ...?"

"ਕੁਝ ਨਹੀਂ ਧੀਏ, ਇਹ ਤਾਂ ਖੁਸ਼ੀ ਦੇ ਹੰਝੂ ਨੇ...।" ਕਹਿੰਦਿਆਂ ਉਸਨੇ ਪ੍ਰਭਜੋਤ ਨੂੰ ਘੁੱਟ ਕੇ ਗਲ ਨਾਲ ਲਾ ਲਿਆ।



# ਬਾਲ ਕਹਾਣੀ ਚਟੋਰੀ ਮੀਤੂ

— ਜਨਕ ਵੈਦ

ਮੀਤੂ ਦੀ ਉਮਰ ਹਾਲੇ ਚਾਰ ਸਾਲ ਹੈ। ਉਸਦੀ ਮੰਮੀ ਵੀ ਸਵੇਰੇ ਅੱਠ ਵਜੇ ਆਫ਼ਿਸ ਜਾ ਕੇ ਸ਼ਾਮ ਢਲੇ ਘਰ ਆਉਂਦੀ ਹੈ। ਇਸ ਲਈ ਉਸਦੀ ਦੇਖ-ਰੇਖ ਵਾਸਤੇ ਆਇਆ ਰੱਖੀ ਹੋਈ ਹੈ।

ਮੀਤੂ ਦੇ ਪਾਪਾ, ਉਸ ਲਈ ਢੇਰ ਸਾਰੇ ਖਿਲੌਣੇ ਲੈ ਕੇ ਆਉਂਦੇ ਹਨ। ਦੋ ਰੋਜ਼ ਪਹਿਲੇ ਹੀ ਉਸਦੀ ਦੋ ਪਹੀਆਂ ਦੀ ਛੋਟੀ ਜਹੀ ਸਾਈਕਲ ਆਈ ਹੈ। ਮੀਤੂ ਹਾਲੇ ਉਸਨੂੰ ਚਲਾ ਨਹੀਂ ਸਕਦੀ, ਪਰ ਫਿਰ ਵੀ ਉਸਨੂੰ ਘਸੀਟ ਕੇ ਬਾਹਰ ਲੈ ਆਉਂਦੀ ਹੈ।

ਉਸੇ ਵੇਲੇ ਇਕ ਛੋਟਾ ਬੱਚਾ ਆ ਕੇ ਉਸਦੀ ਸਾਈਕਲ ਲੈਣੀ ਚਾਹੁੰਦਾ ਹੈ। ਪਰ ਮੀਤੂ ਰੋ ਕੇ ਆਪਣੀ ਆਇਆ ਆਂਟੀ ਨੂੰ ਆਵਾਜ਼ ਦੇਂਦੀ ਹੈ। ਬੱਚਾ ਡਰ ਜਾਂਦਾ ਹੈ ਤੇ ਮੀਤੂ ਦੇ ਹੱਥ ਤੇ ਆਪਣੀ ਟਾਫ਼ੀ ਰੱਖਦਾ ਹੈ।

ਵੇਖੋ ਜੀ ! ਮੀਤੂ ਵੀ ਟਾਫ਼ੀ ਲੈ ਕੇ ਖੁਸ਼ ਹੈ ਅਤੇ ਉਹ ਬੱਚਾ ਵੀ ਬੜੀ ਮਸਤੀ ਨਾਲ ਆੜਾ-ਤਿਰਛਾ ਹੋ ਕੇ ਸਾਈਕਲ ਦੀ ਸਵਾਰੀ ਕਰ ਰਿਹਾ ਹੈ।

ਉਸੇ ਵੇਲੇ ਇਕ ਹੋਰ ਕੁੜੀ, ਜੋ ਮੀਤੂ ਤੋਂ ਤਿੰਨ ਸਾਲ



ਵੱਡੀ ਹੈ, ਕਮਰ ਤੇ ਹੱਥ ਰੱਖੀ ਉਸ ਸਾਇਕਲ ਸਵਾਰ ਬੱਚੇ ਨੂੰ ਡਾਂਟਦੇ ਹੋਏ ਆਖਦੀ ਹੈ,"ਓਏ ! ਤੈਨੂੰ ਸ਼ਰਮ ਨਹੀਂ ਆਉਂਦੀ, ਛੋਟੀ ਬੱਚੀ ਦੀ ਚੀਜ਼ ਨਾਲ ਖੇਡਦੇ ਹੋਏ।"

ਟਾਫ਼ੀ ਅਜੇ ਮੀਤੂ ਦੇ ਮੂੰਹ ਵਿੱਚ ਹੀ ਹੈ। ਇਸ ਲਈ ਉਸ ਕੁੜੀ ਨੂੰ ਗੁੱਸੇ ਨਾਲ ਤੋਤਲੀ ਭਾਸ਼ਾ ਵਿਚ ਆਖਦੀ ਹੈ,"ਤੈਨੂੰ ਤੀ ਹੁੰਦਾ ? ਛਾਇਤਲ ਤਾਂ ਮੇਲੀ ਏ।"

ਮੀਤੂ ਦੀ ਗੱਲ ਸੁਣ ਛੋਟਾ ਬੱਚਾ ਵੱਡੀ ਕੁੜੀ ਨੂੰ ਅੰਗੂਠਾ ਵਿਖਾ ਕੇ ਚਿੜਾਂਦਾ ਹੈ।

ਹੁਣ ਤੱਕ ਮੀਤੂ ਦੀ ਟਾਫ਼ੀ ਖ਼ਤਮ ਹੋ ਚੁੱਕੀ ਹੈ। ਇਸ ਲਈ ਰੋਣੀ ਸੂਰਤ ਬਣਾ ਕੇ ਲੜਕੇ ਪਾਸੋਂ ਸਾਇਕਲ ਮੰਗਦੀ ਹੈ।

ਵੱਡੀ ਕੁੜੀ ਤਾਂ ਐਸੇ ਮੌਕੇ ਦੀ ਤਲਾਸ਼ ਵਿਚ ਸੀ। ਉਹ ਆਪਣੀ ਚਾਕਲੇਟ ਮੀਤੂ ਦੇ ਹੱਥ ਵਿਚ ਰੱਖਦੀ ਹੈ। ਇਸ ਲਈ ਸਾਇਕਲ ਹੁਣ ਉਸ ਕੁੜੀ ਦੇ ਕਬਜ਼ੇ ਵਿੱਚ ਹੈ। ਮਨੋਂ ਆਪਣੇ- ਆਪ ਨੂੰ ਕਿਸੇ ਬਹਾਦੁਰ ਸਿਪਾਹੀ ਨਾਲੋਂ ਘੱਟ ਨਹੀਂ ਸਮਝਦੀ।

ਚਾਕਲੇਟ ਤੇ ਟਾਫ਼ੀ ਨਾਲੋਂ ਜ਼ਿਆਦਾ ਵੱਡੀ ਸੀ। ਇਸ ਲਈ ਉਸ ਕੁੜੀ ਨੂੰ ਜ਼ਿਆਦਾ ਵਕਤ ਲਈ ਸਾਇਕਲ ਚਲਾਉਣ ਨੂੰ ਮਿਲ ਗਈ।

ਫਿਰ ਦਸ ਮਿੰਟਾਂ ਦੇ ਬਾਅਦ ਇਕ ਹੋਰ ਮੁੰਡਾ ਆਉਂਦਾ ਹੈ। ਉਹ ਇਨ੍ਹਾਂ ਸਾਰਿਆਂ ਬੱਚਿਆਂ ਨਾਲੋਂ ਕੁਝ ਵੱਡਾ ਹੈ। ਪਰ ਮੀਤੂ ਦਾ ਚਾਕਲੇਟ ਹਾਲੇ ਖ਼ਤਮ ਨਹੀਂ ਹੋਇਆ ਇਸ ਲਈ ਉਸਨੂੰ ਹਾਲੇ ਸਾਇਕਲ ਨਹੀਂ ਮਿਲ ਸਕਦਾ। ਇਸ ਲਈ ਵੱਡਾ ਮੁੰਡਾ ਬਹੁਤ ਸ਼ਰਮਿੰਦਾ ਹੁੰਦਾ ਹੈ ਅਤੇ ਆਪਣੀ ਝੇਂਪ ਮਿਟਾਉਣ ਲਈ ਸਾਇਕਲ ਨੂੰ ਪਿੱਛੋਂ ਹੌਲੀ-ਹੌਲੀ ਧੱਕਾ ਦੇਂਦਾ ਹੈ ਅਤੇ ਉਸ ਤੇ ਬੈਠੀ ਕੁੜੀ, ਬਿਨਾਂ ਪੈਰ ਮਾਰੇ ਸਾਇਕਲ ਦੀ ਸਵਾਰੀ ਦਾ ਆਨੰਦ ਲੈ ਰਹੀ ਹੈ।

ਹੁਣ ਵੱਡਾ ਮੁੰਡਾ ਸਾਇਕਲ ਨੂੰ ਹਥਿਆਉਣ ਦੀ

ਯੋਜਨਾ ਬਣਾਉਂਦਾ ਹੈ। ਉਸੇ ਵੇਲੇ ਪਿੱਛੇ ਵਾਲੀ ਗਲੀ ਵੱਲੋਂ ਆਈਸਕ੍ਰੀਮ ਵਾਲੇ ਦੀ ਆਵਾਜ਼ ਆਉਂਦੀ ਹੈ। ਵੱਡਾ ਮੁੰਡਾ ਮੀਤੂ ਦੀ ਹਥੇਲੀ ਤੇ ਕੁਝ ਪੈਸੇ ਰੱਖਦਾ ਹੈ। ਇਹ ਪੈਸੇ ਸ਼ਾਇਦ ਉਸਦੇ ਸਾਰੇ ਦਿਨ ਦੀ ਜੇਬ-ਖਰਚੀ ਹਨ।

ਮੁੰਡਾ ਬੜਾ ਖੁਸ਼ ਸੀ ਕਿ ਮੀਤੂ ਜਦੋਂ ਤੱਕ ਆਈਸਕ੍ਰੀਮ ਲਿਆਵੇਗੀ, ਫਿਰ ਖਾਵੇਗੀ, ਤੇ ਇਸ ਤਰ੍ਹਾਂ 15-20 ਮਿੰਟ ਤੇ ਲੱਗ ਹੀ ਜਾਣਗੇ। ਉਦੋਂ ਤੱਕ ਉਹ ਬੜੇ ਮਜ਼ੇ ਨਾਲ ਸਾਇਕਲ ਚਲਾ ਸਕਦਾ ਹੈ।

ਪਰ ਮੀਤੂ ਤਾਂ ਪੰਜਾਂ ਮਿੰਟਾਂ ਵਿੱਚ ਹੀ ਆ ਗਈ।

"ਮੀਤੂ ! ਇਹ ਕੀ ? ਤੂੰ ਤੇ ਪੰਜਾਂ ਮਿੰਟਾਂ ਵਿੱਚ ਹੀ ਆ ਗਈ। ਆਈਸਕ੍ਰੀਮ ਨਹੀਂ ਲਈ ?" ਲੜਕਾ ਹੈਰਾਨ ਹੋ ਕੇ ਪੁੱਛਦਾ ਹੈ।

"ਉਤਲ ਮੇਲੀ ਛਾਇਤਲ ਤੋਂ।" ਮੀਤੂ ਨੇ ਰੋਣੀ ਸੂਰਤ ਬਣਾ, ਸਾਇਕਲ ਲੈਣ ਦਾ ਯਤਨ ਕਰਦੇ ਹੋਏ ਆਖਿਆ।

"ਮੀ...ਤੂ...ਤੂੰ ਤੇ ਆਈਸਕ੍ਰੀਮ ਲੈਣ ਗਈ ਸੀ। ਫਿਰ ਕੀ ਹੋਇਆ ?"

"ਹਟ ਪਿੱਛੇ। ਮੇਲੀ ਛਾਇਤਲ ਛੱਡ ਦੇ।"

"ਮੀਤੂ ! ਆਈਸਕ੍ਰੀਮ ਨਹੀਂ ਲਿਆਈ ?"

"ਆਈਸਕ੍ਰੀਮ ਤੇ ਮੈਂ ਮੈਂ ਉਥੇ ਈ ਅੱਧ ਕਰਕੇ ਖਾ ਲਈ। ਊਂ-ਊਂ-ਊਂ ਉਤਲ ਮੇਲੀ ਛਾਇਤਲ ਤੋਂ।"

ਮੁੰਡਾ ਥੋੜ੍ਹੀ ਦੇਰ ਹੋਰ ਸਾਇਕਲ ਨਾਲ ਚਿਪਕੇ ਰਹਿਣਾ ਚਾਹੁੰਦਾ ਸੀ। ਪਰ ਮੀਤੂ ਨੇ ਆਇਆ ਨੂੰ ਉਸਦੀ ਸ਼ਿਕਾਇਤ ਕਰ ਦਿੱਤੀ ਕਿ ਓਬਹ ਮੁੰਡਾ ਸਾਇਕਲ ਤੋਂ ਨਹੀਂ ਉਤਰਦਾ।

ਉਸੇ ਪਲ ਆਇਆ ਆਉਂਦੀ ਹੈ ਤੇ ਉਹ ਮੁੰਡਾ ਸਾਇਕਲ ਨੂੰ ਛੱਡ ਬਾਕੀ ਬੱਚਿਆਂ ਦੇ ਕੋਲ ਜਾ ਕੇ ਖੜ੍ਹਾ ਹੋ ਜਾਂਦਾ ਹੈ ਤੇ ਆਇਆ ਨੂੰ ਸਾਇਕਲ ਲੈਜਾਂਦੇ ਹੋਏ ਵੇਖਦਾ ਹੈ।

ਹੁਣ ਬੱਚਿਆਂ ਨੂੰ ਸਾਇਕਲ ਦਾ ਐਨਾ ਦੁੱਖ ਨਹੀਂ ਸੀ ਜਿੰਨਾ ਆਪਣੇ ਸਾਰੇ ਦਿਨ ਦੀ ਖਰਚੀ ਮੀਤੂ ਦੇ ਪੇਟ ਵਿਚ ਜਾਣ ਦੀ ਸੀ।

ਮੀਤੂ ਆਇਆ ਦਾ ਹੱਥ ਫੜੀ, ਡਕਾਰ ਮਾਰਦੀ ਹੋਈ ਘਰ ਦੇ ਅੰਦਰ ਜਾਂਦੀ ਹੈ ਅਤੇ ਬੱਚਿਆਂ ਵੱਲ ਹੱਥ ਕਰਕੇ ਆਖਦੀ ਹੈ, "ਆਂਟੀ ! ਇਹ ਸਭ ਬੱਚੇ ਗੰਦੇ ਨੇ।"



# ਕਹਾਣੀ ਬੰਦੇ ਦਾ ਪੁੱਤ

— ਰਾਜੇਸ਼ ਗੁਪਤਾ

ਖੁੱਲ੍ਹੀ ਚੌੜੀ ਸੜਕ ਪਰ ਬੇਤਰਤੀਬੀ। ਹਰ ਇਕ ਜਾਂ ਦੋ ਦੁਕਾਨਾਂ ਛੱਡ ਕੇ ਕਿਧਰੇ ਨਾ ਕਿਧਰੇ ਰੇੜ੍ਹੀਆਂ ਨੇ ਸੜਕ ਉੱਪਰ ਕਬਜ਼ਾ ਕੀਤਾ ਹੋਇਆ ਹੈ। ਲੱਕੜ ਤੇ ਆਰੇ ਵਾਲਿਆਂ ਨੇ ਸੜਕ ਉੱਪਰ ਆਪਣਾ ਕਾਰੋਬਾਰ ਕਿਸੇ ਬਣ-ਵੇਲ ਵਾਂਗੂੰ ਫੈਲਾਇਆ ਹੋਇਆ ਹੈ। ਹਲਵਾਈਆਂ ਨੇ ਸੜਕ ਤੱਕ ਆਪਣੀਆਂ ਭੱਠੀਆਂ ਵਿਛਾ ਕੇ ਮੋਟੇ-ਮੋਟੇ ਢਿੱਡਾਂ ਵਾਲੇ ਕਾਰੀਗਰ ਜਲੇਬੀਆਂ ਕੱਢਣ ਨੂੰ ਬਿਠਾਏ ਹੋਏ ਹਨ। ਸਾਰਾ ਬਾਜ਼ਾਰ ਐਕਰੋਚਮੈਂਟ ਦੇ ਫਣੀਅਰ ਵਾਂਗੂੰ ਫਣ ਖਿਲਾਰੀ ਬੈਠਾ ਹੈ। ਪ੍ਰਸ਼ਾਸਨ ਨਾਂ ਦੀ ਕੋਈ ਵੀ ਚੀਜ਼ ਨਜ਼ਰੀਂ ਨਹੀਂ ਪੈ ਰਹੀ ਹੈ। ਸਬਜ਼ੀਆਂ ਦੀਆਂ ਰੇੜ੍ਹੀਆਂ ਤੇ ਖਰੀਦਦਾਰਾਂ ਦੀ ਭੀੜ ਹੈ ਪਰ ਦੁਕਾਨਦਾਰਾਂ ਸੋਹਣੀਆਂ-ਸੋਹਣੀਆਂ ਕੁਰਸੀਆਂ ਤੇ ਬੈਠੇ ਮੱਖੀਆਂ ਮਾਰ ਰਹੇ ਹਨ।

ਗੋਲਗੱਪਿਆਂ ਤੇ ਮੂਲੀਆਂ ਦੀ ਰੇੜ੍ਹੀ ਵਿਚਕਾਰ ਇਕ ਛੋਟੀ ਜਿਹੀ ਬੇਤਰਤੀਬੀ ਦੁਕਾਨ ਤੇ ਇਕ ਅੱਧ-ਗੰਜਾ, ਲੰਮੇ ਨੱਕ ਤੇ ਮੋਟੇ ਜਿਹੇ ਢਿੱਡ ਵਾਲਾ, ਸੁਭਾਅ ਦਾ ਕੌੜਾ, ਵਿਹਾਰ ਦਾ ਕੋਰਾ ਤੇ ਸ਼ਕਲੋਂ ਪਕੌੜਾ ਆਦਮੀ ਬੈਠਾ ਨਜ਼ਰ ਆ ਰਿਹਾ ਹੈ। ਇਕ ਕੁੜੀ ਤੇ ਇਕ ਬੁੱਢੀ ਕੁਝ ਚਿਰ ਤੋਂ ਉਸ ਆਦਮੀ ਲਾਗੇ ਬੈਠੀਆਂ ਉਸ ਨਾਲ ਗਿਲਾ-ਸ਼ਿਕਵਾ ਕਰ ਬਹਿਸ ਰਹੀਆਂ ਨੇ ਤੇ ਉਹ ਉਹਨਾਂ ਨੂੰ ਫੱਕੇ ਜਿਹੇ ਰੰਗ ਦਾ ਮੂੰਹ ਬਣਾ ਕੇ ਕੁਝ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।



"ਤੂੰ ਇਵੇਂ ਕਿਉਂ ਕੀਤਾ, ਤੇਰੀ ਜੁਅੱਰਤ ਕਿਵੇਂ ਪੈ ਗਈ, ਇਵੇਂ ਕਰਨ ਦੀ ?"

"ਨਹੀਂ ਕੁੜੀਏ, ਤੈਨੂੰ ਨਹੀਂ ਪਤਾ..."

"ਮੈਨੂੰ ਕਿਉਂ ਨਹੀਂ ਪਤਾ...ਤੂੰ ਹੁੰਦਾਂ ਕੌਣ ਏ, ਇਵੇਂ ਕਰਨ ਵਾਲਾ ?"

"ਓ ਨਹੀਂ, ਮੈਂ ਤਾਂ ਬੱਸ...ਸੁਭਾਵਿਕ ਹੀ..."

"ਕੀ ਸੁਭਾਵਿਕ ਹੀ...ਤੇਰੀ ਜੁਰੱਅਤ ਕਿਵੇਂ...ਪੈ ਗਈ..."

"ਨਹੀਂ, ਮੈਂ ਇਉਂ ਨਹੀਂ ਸੀ..."

"ਕੀ ਇਉਂ ਨਹੀਂ ਸੀ ਕੀਤਾ, ਤੂੰ ਮੇਰੇ ਭਰਾ ਨੂੰ...?"

"ਬਈ ਕੁੜੀਏ ! ਤੂੰ ਸਮਝਦੀ ਕਿਉਂ ਨਹੀਂ ?"

"ਮੈਂ ਸਭ ਸਮਝਦੀ ਆਂ, ਤੂੰ ਮੇਰੇ ਭਰਾ...ਦੀ..." ਕੁੜੀ ਲਗਾਤਾਰ ਗੁੱਸੇ ਵਿੱਚ ਬੋਲੀ ਜਾ ਰਹੀ ਸੀ।

"ਵੇਖ ਕਾਕਾ, ਤੈਨੂੰ ਇਵੇਂ ਨਹੀਂ ਸੀ ਕਰਨਾ ਚਾਹੀਦਾ" ਕੁੜੀ ਦੀ ਮਾਂ ਬੜੇ ਠਰ੍ਹੰਮੇ ਨਾਲ ਬੋਲੀ।

"ਮੰਮੀ, ਤੁਸੀਂ ਚੁੱਪ ਕਰੋ ਜਰਾ, ਮੈਂ ਲੈਨੀ ਆਂ ਇਸ ਦੀ ਖਬਰ, ਇਹਨੇ ਸਮਝਿਆ ਕੀ ਏ ਆਪਣੇ-ਆਪ ਨੂੰ ?"

"ਓ ਕੁੜੀਏ, ਇਹ ਤਾਂ ਸਾਡੇ ਕੰਮ ਦਾ ਹਿੱਸਾ ਏ, ਆਪਾਂ ਕੁਝ ਵੱਖਰਾ ਤਾਂ ਨਹੀਂ ਕੀਤਾ।"

"ਕਾਕਾ, ਤੂੰ ਤਾਂ ਸਾਨੂੰ ਜਾਣਦਾ ਹੀ ਸੈਂ, ਆਪਾਂ ਕਿਹੜੇ ਕਿਤੇ ਦੌੜ...ਚੱਲੇ ਸਾਂ" ਕੁੜੀ ਦੀ ਮਾਂ ਫਿਰ ਠਰ੍ਹੰਮੇ ਨਾਲ ਬੋਲੀ। ਉਸ ਆਪਣੀ ਕੁੜੀ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

"ਨਹੀਂ ਮੰਮੀ, ਤੁਹਾਨੂੰ ਨਹੀਂ ਪਤਾ ਇਨ੍ਹਾਂ ਦੁਕਾਨਦਾਰਾਂ ਦਾ।"

"ਕੁੜੀਏ, ਤੈਨੂੰ ਨਹੀਂ ਪਤਾ ਕਾਰੋਬਾਰਾਂ ਦਾ..."

"ਮੈਨੂੰ ਸਭ ਪਤਾ ਤੇਰੇ ਜਿਹੇ ਠੱਗ ਦੁਕਾਨਦਾਰਾਂ ਦਾ, ਆਇਆ ਵੱਡਾ ਦੁਕਾਨਦਾਰ..." ਕੁੜੀ ਲਗਾਤਾਰ ਬੋਲੀ ਜਾ ਰਹੀ ਸੀ ਜਿਵੇਂ ਉਹ ਘਰੋਂ ਸੌਂਹ ਖਾ ਕੇ ਆਈ ਹੋਵੇ ਕਿ ਕਿਸੇ ਨੂੰ ਵੀ ਬੋਲਣ ਨਹੀਂ ਦੇਣਾ ਹਾਲਾਂਕਿ ਉਸਦੀ ਮਾਂ ਨੇ ਉਸਨੂੰ ਚੁੱਪ ਰਹਿਣ ਦਾ ਇਸ਼ਾਰਾ ਵੀ ਕੀਤਾ ਤੇ ਦੋ-ਤਿੰਨ ਵਾਰ ਟੋਕਿਆ ਵੀ ਪਰ ਕੁੜੀ ਚੁੱਪ ਹੋਣ ਦਾ ਨਾਮ ਹੀ ਨਹੀਂ ਸੀ ਲੈ ਰਹੀ।

"ਨੀਂ ਚੁੱਪ ਕਰ ਤੂੰ ਕੁੜੀਏ, ਮੈਨੂੰ ਗੱਲ ਕਰ ਲੈਣ ਦੇ" ਹਾਰ ਕੇ ਉਸ ਦੀ ਮਾਂ ਨੇ ਫਿਰ ਕਿਹਾ।

"ਨਹੀਂ ਤੂੰ ਚੁੱਪ ਕਰ ਮੰਮੀ, ਤੈਨੂੰ ਨਹੀਂ ਪਤਾ, ਮੈਂ ਬਣਾਉਨੀ ਆਂ ਇਸ ਨੂੰ ਬੰਦੇ ਦਾ ਪੁੱਤ" ਕੁੜੀ ਫਿਰ ਆਪੇ ਚੋਂ ਬਾਹਰ

ਹੋ ਕੇ ਬੋਲੀ।

"ਨਾ ਪੁੱਤ, ਨਾ ਕੁੜੀਏ, ਇਉਂ ਨਹੀਂ ਬੋਲੀਦਾ, ਕੁੜੀਆਂ ਇਉਂ ਗੱਲ ਕਰਦੀਆਂ ਚੰਗੀਆਂ ਨਹੀਂ ਲਗਦੀਆਂ" ਦੁਕਾਨਦਾਰ ਦਿਆਨਤਦਾਰੀ ਨਾਲ ਗੱਲ ਕਰਦਾ ਰਿਹਾ ਪਰ ਕੁੜੀ ਉਹਨਾਂ ਦੋਵਾਂ ਦੇ ਕਾਬੂ 'ਚ ਨਹੀਂ ਸੀ ਆ ਰਹੀ।

"ਕਿਉਂ ਨਹੀਂ ਬੋਲਦੀਆਂ, ਮੇਰੇ ਕੋਲ ਜ਼ੁਬਾਨ ਨਹੀਂ ਏ, ਮੈਂ ਬੋਲਾਂ ਕਿਉਂ ਨਾ, ਤੇਰਾ ਤਿੰਨ ਸੌ ਰੁਪਈਆ ਲੈ ਕੇ ਆਪਾਂ ਕਿਹੜਾ ਭੱਜ ਚੱਲੇ ਸਾਂ, ਤੂੰ ਤਾਂ ਕਮਾਲ ਹੀ ਕਰ ਦਿੱਤੀ। ਤਿੰਨ ਸੌ ਰੁਪਈਆਂ ਵਾਸਤੇ ਮੇਰੇ ਭਰਾ ਨੂੰ ਮੋੜ ਦਿੱਤਾ ਖ਼ਾਲੀ ਹੱਥ। ਉਹ ਤਾਂ ਕਿੱਲਿਆਂ ਦਾ ਮਾਲਕ ਆ, ਤੂੰ ਕੀ ਸਮਝਿਆ ਉਸਨੂੰ ?"

"ਕੁੜੀਏ, ਸਾਡੇ ਕੰਮ ਕਰਨ ਦਾ ਆਪਣਾ ਤਰੀਕਾ ਆ, ਤੈਨੂੰ ਨਹੀਂ ਪਤਾ ਕੰਮਾਂ ਦਾ।"

"ਪਤਾ ਮੈਨੂੰ ਸਭ, ਵੱਡਾ ਆਇਆ ਤਰੀਕਿਆਂ ਵਾਲਾ, ਢਿੱਡਲ ਜਿਹਾ ਨਾ ਹੋਵੇ ਤਾਂ..."

"ਮੇਰੇ ਕੋਲੋਂ ਗ਼ਲਤੀ ਹੋ ਗਈ ਕੁੜੀਏ ! ਮੈਨੂੰ ਮਾਫ਼ ਕਰ ਦੇ..." ਇਹ ਆਖ ਕੇ ਉਹ ਕੁਝ ਦੇਰ ਚੁੱਪ ਰਿਹਾ ਤੇ ਕੁਝ ਨਾ ਬੋਲਿਆ।

"ਕਿੱਥੇ ਗੁਆਚ ਗਿਆ ਏਂ ਹੁਣ ਤੂੰ, ਭੈੜੀ ਸ਼ਕਲ ਵਾਲੇ ਕਛੂਏ..." ਕੁੜੀ ਗਰਜ ਕੇ ਬੋਲੀ।

"ਹੈਂ !..." ਅਚਾਨਕ ਦੁਕਾਨਦਾਰ ਦੀ ਸੁਰਤੀ ਭੰਗ ਹੋਈ। ਉਸਦਾ ਹੱਥ ਫੜਿਆ ਪੈੱਨ ਫ਼ਰਸ਼ 'ਤੇ ਜਾ ਡਿੱਗਾ।

"ਯਾਦ ਰੱਖੀਂ ਤੂੰ, ਚੰਗਾ ਨਹੀਂ ਕੀਤਾ" ਕੁੜੀ ਜਿਵੇਂ ਲ ਲਲਕਾਰੇ ਮਾਰਦੀ ਤੇ ਗਰਜਦੀ ਹੋਈ ਦੁਕਾਨ 'ਚੋਂ ਬਾਹਰ ਚਲੀ ਗਈ। ਦੁਕਾਨਦਾਰ ਕੁਝ ਸਕਿੰਟ ਚੁੱਪ ਰਹਿਣ ਤੋਂ ਬਾਅਦ ਇਕਦਮ ਖਿੜਖਿੜਾ ਕੇ ਹੱਸਿਆ ਤੇ ਕਿੰਨੀ ਦੇਰ ਹੱਸਦਾ ਹੀ ਰਿਹਾ ਤੇ ਫਿਰ ਕੁਝ ਦੇਰ ਬਾਅਦ ਆਪਣੇ-ਆਪ ਜਾਂ ਫਿਰ ਹਵਾ ਨਾਲ ਗੱਲਾਂ ਕਰਦਾ ਰਿਹਾ।

"ਜੀਤਿਆ ਬਚ ਗਿਆ ਓਏ ਤੂੰ, ਬਚ ਗਿਆ...ਬਚ ਗਿਆ ਜੀਤਿਆ ਓਏ...ਬਚ ਗਿਆ, ਮੇਰਾ ਤਾਂ ਕੋਈ ਨਾ, ਤੈਨੂੰ ਬਣਾ ਦਿੰਦੀ ਇਹ 'ਬੰਦੇ ਦਾ ਪੁੱਤ...।" ਸ਼ਾਮ ਦਾ ਰੰਗ ਸੁਰਮਈ ਰੰਗ ਤੋਂ ਵੀ ਸੁਰਖ਼ ਹੁੰਦਾ ਜਾ ਰਿਹਾ ਸੀ। ਪਰ ਉਹ ਦੁਕਾਨਦਾਰ ਇਹੋ ਗੱਲ ਬਾਰ-ਬਾਰ ਦੁਹਰਾ ਕੇ ਇਕੱਲਾ ਹੀ ਹੱਸੀ ਜਾ ਰਿਹਾ ਸੀ। ਆਲੇ-ਦੁਆਲੇ ਰੇੜ੍ਹੀਆਂ ਤੇ ਫੜ੍ਹੀਆਂ ਵਾਲੇ ਦੁਕਾਨਦਾਰ ਨੂੰ ਹੱਸਦੇ ਵੇਖ ਹੈਰਾਨ ਹੋ ਰਹੇ ਸਨ ਕਿ ਕਿਤੇ ਬਾਊ ਸ਼ੁਦਾਈ ਤਾਂ ਨਹੀਂ ਹੋ ਗਿਆ। ਪਰ ਉਹ ਆਪਣੇ ਲੋਰ 'ਚ ਇਕੱਲਾ ਹੀ ਗੱਲਾਂ ਕਰਕੇ ਹੱਸੀ ਜਾ ਰਿਹਾ ਸੀ। ਕੁੜੀ ਦਾ ਗੁੱਸੇ ਨਾਲ ਲਾਲਾ-ਪੀਲਾ ਹੋਇਆ ਚਿਹਰਾ ਅਜੇ ਵੀ ਉਸ ਦੀਆਂ ਅੱਖਾਂ ਅੱਗੇ ਘੁੰਮੀ ਜਾ ਰਿਹਾ ਸੀ ਕਿਉਂਕਿ ਦੁਕਾਨਦਾਰ ਨੂੰ ਇਕਦਮ ਧਿਆਨ ਆਇਆ ਕਿ ਪਿਛਲੇ ਦਿਨੀਂ ਤਾਂ ਉਹ ਇਂਸ ਕੁੜੀ ਦਾ ਰਿਸ਼ਤਾ ਆਪਣੇ ਦੋਸਤ ਜੀਤੇ ਦੇ ਮੁੰਡੇ ਨਾਲ ਕਰਵਾ ਰਿਹਾ ਸੀ ਪਰ ਕੁਝ ਕਾਰਨਾਂ ਕਰਕੇ ਉਹ ਗੱਲ ਸਿਰੇ ਨਾ ਚੜ੍ਹ ਸਕੀ।



# ਫਾੱਝਤ ਘਖੱ ਬਰਥਡੇ ਗਰਲ

— ਰਾਜੇਸ਼ ਗੁਪਤਾ

ਚੜ੍ਹਦੇ ਦਿਨ ਦੀ ਘਸਮੈਲੀ ਰੋਸ਼ਨੀ ਨੇ ਅਜੇ ਸਵੇਰ ਦੀ ਧਰਤ ਤੇ ਪੈਰ ਪਾਇਆ ਹੀ ਹੈ। ਸਵੇਰ ਸੂਰਜ ਦੀ ਧੁੱਪ ਦੀ ਰੰਗੀਨ ਰੋਸ਼ਨੀ ਦਾ ਇੰਤਜ਼ਾਰ ਕਰ ਰਹੀ ਹੈ ਪਰ ਸੂਰਜ ਆਪਣੀ ਧੁੱਪ ਦਾ ਰੰਗ ਅਜੇ ਘੋਲ ਰਿਹਾ ਹੋਵੇਗਾ, ਸਵੇਰ ਮਨ ਹੀ ਮਨ ਸੋਚ ਰਹੀ ਹੈ। ਅੱਜ ਸੂਰਜ, ਸਵੇਰ ਨਾਲ ਅੱਖ ਮਿਲਾਉਣ ਲਈ ਆਨਾ-ਕਾਨੀ ਕਰ ਰਿਹਾ ਹੈ। ਸਵੇਰ ਨੂੰ ਇਹ ਮਹਿਸੂਸ ਹੋ ਰਿਹਾ ਹੈ ਕਿਉਂਕਿ ਪਿਛਲੀ ਰਾਤ ਉਹਨਾਂ ਵਿਚ ਅਣਬਣ ਹੋ ਗਈ ਸੀ। ਪ੍ਰੀਤ ਬਿਸਤਰ ਤੇ ਪਈ ਪਾਸੇ ਵੱਟ ਰਹੀ ਹੈ। ਸਵੇਰ ਦੇ ਛੇ



ਵਜੇ ਦਾ ਅਲਾਰਮ ਵੱਜ ਚੁੱਕਾ ਹੈ ਪਰ ਰਾਜ ਅਜੇ ਤੱਕ ਬਿਸਤਰ ਤੋਂ ਨਹੀਂ ਉਠਿਆ। ਪਹਿਲਾਂ ਉਹ ਇਸ ਵੇਲੇ ਤੱਕ ਉਠ ਜਾਂਦਾ ਹੈ ਪਰ ਅੱਜ ਉਹ ਅਜੇ ਤੱਕ ਨਹੀਂ ਉਠਿਆ। ਅਲਾਰਮ ਵੱਜ ਕੇ ਬੰਦ ਹੋ ਗਿਆ ਹੈ। ਕਮਰਾ ਇਕਦਮ ਚੁੱਪ ਹੈ। ਉਸਦੇ ਅੰਦਰ ਪਈ ਹਰ ਸ਼ੈਅ ਵੀ ਚੁੱਪ ਹੈ। ਪ੍ਰੀਤ ਵੀ ਸਭ ਨੂੰ ਵੇਖ ਕੇ ਚੁੱਪ ਹੈ। ਅਚਾਨਕ ਫੋਨ ਦੀ ਬੈਲ ਵੱਜਦੀ ਹੈ। ਰਿੰਗ-ਟੋਨ ਵੱਜਣ ਨਾਲ ਕਮਰੇ ਦੀ ਚੁੱਪੀ ਟੁੱਟਦੀ ਹੈ, “ਮੈਂ ਤੈਨੂੰ ਸਮਝਾਵਾਂ ਕੀ, ਨਾ ਤੇਰੇ ਬਾਝੋਂ ਲੱਗਦਾ ਜੀਅ” ਉਹ ਫੋਨ ਚੁੱਕਦੀ ਹੈ, ਉਸਦੀ ਭਾਬੀ ਬੋਲ ਰਹੀ ਹੈ “ਹੈਪੀ ਬਰਥਡੇ ਪ੍ਰੀਤ” ਉਧਰੋਂ ਆਵਾਜ਼ ਆਉਂਦੀ ਹੈ।

“ਥੈਂਕ ਯੂ” ਆਲਸ-ਭਰੀ ਤੇ ਦਿਲ ਤੋਂ ਨਾ ਉਠਣ ਵਾਲੀ ਆਵਾਜ਼ ਵਿਚ ਉਹ ਬੋਲ ਰਹੀ ਹੈ। ਹੂੰ, ਹਾਂ ਕਰਕੇ ਉਸ ਕੁਝ ਦੇਰ ਬਾਅਦ ਫੋਨ ਬੰਦ ਕਰ ਦਿੱਤਾ ਹੈ। ਉਸਨੂੰ ਆਪਣਾ ਵਜੂਦ ਸੱਜਰੀ-ਸਵੇਰ ਵਰਗਾ ਲੱਗ ਰਿਹਾ ਹੈ। ਉਸਦਾ ਸੂਰਜ ਉਸਦੇ ਲਾਗੇ ਹੀ ਲੰਮਾ ਪਿਆ ਹੈ ਪਰ ਉਹਨਾਂ ਵਿਚੋਂ ਕੋਈ ਵੀ ਹਿਲਜੁਲ ਨਹੀਂ ਰਿਹਾ ਹੈ। ਦੋਵੇਂ ਇਕ-ਦੂਜੇ ਤੋਂ ਪਾਸਾ ਵੱਟ ਕੇ ਲੇਟੇ ਹੋਏ ਹਨ। ਫਿਰ ਇਕ ਵਾਰ ਫੋਨ ਵੱਜਿਆ ਹੈ। “ਮੈਂ ਤੈਨੂੰ ਸਮਝਾਵਾਂ ਕੀ, ਨਾ ਤੇਰੇ ਬਾਝੋਂ ਲੱਗਦਾ ਜੀਅ”। ਉਸ ਫੋਨ ਵੱਲ ਤੱਕਿਆ, ਕੰਮ ਵਾਲੀ ਦਾ ਫੋਨ ਹੈ, “ਦੀਦੀ, ਹੈਪੀ ਬਰਥਡੇ” ਉਧਰੋਂ ਆਵਾਜ਼ ਆਉਂਦੀ ਹੈ।

“ਥੈਂਕ ਯੂ” ਉਹ ਫਿਰ ਬਨਾਉਟੀ ਹਾਸੇ ਨਾਲ ਜਵਾਬ ਦੇ ਰਹੀ ਹੈ। ਇਹ ਮਾਹੌਲ ਉਸਦੀ ਤਾਜ਼ਗੀ ਨੂੰ ਬਾਸੀਪਣ ਦੇ ਰਿਹਾ ਹੈ। ਉਹ ਬਰਥਡੇ-ਗਰਲ ਬਣਨ ਨੂੰ ਤਰਸ ਗਈ ਹੈ ਪਰ ਫਿਰ ਵੀ ਉਹ ਇੰਨੇ ਵੱਡੇ ਦਿਨ ਨੂੰ ਐਨਜਾਇ ਨਹੀਂ ਕਰ ਪਾ ਰਹੀ। ਵਿਆਹ ਤੋਂ ਬਾਅਦ ਇਹ ਉਸਦਾ ਪਹਿਲਾ ਬਰਥਡੇ ਹੈ। ਸਵੇਰ, ਸੂਰਜ ਦੀ ਧੁੱਪ ਦੇ ਨਿੱਘ ਦਾ ਇੰਤਜ਼ਾਰ ਕਰ ਰਹੀ ਹੈ ਪਰ ਉਹ ਤਾਂ ਪਿਛਲੀ ਰਾਤ ਦੀ ਨਾਰਾਜ਼ਗੀ ਨੂੰ ਲੈ ਕੇ ਪਾਸਾ ਵੱਟੀ ਬੈਠਾ ਹੈ, ਉਸਨੂੰ ਲੱਗ ਰਿਹਾ ਹੈ।

“ਮੈਂ ਤੈਨੂੰ ਸਮਝਾਵਾਂ ਕੀ, ਨਾ ਤੇਰੇ ਬਾਝੋਂ ਲੱਗਦਾ ਜੀਅ, ਤੂੰ ਕੀ ਜਾਣੇਂ ਪਿਆਰ ਮੇਰਾ, ਮੈਂ ਕਰਾਂ ਇੰਤਜ਼ਾਰ ਤੇਰਾ...” ਫੋਨ ਲਗਾਤਾਰ ਵੱਜ ਰਿਹਾ ਹੈ, ਪਰ ਪ੍ਰੀਤ ਦਾ ਮਨ ਉਸਨੂੰ ਚੁੱਕਣ ਦਾ ਨਹੀਂ ਕਰ ਰਿਹਾ ਹੈ। ਉਹ ਲਗਾਤਾਰ ਪਾਸੇ ਵੱਟੀ ਜਾ ਰਹੀ

ਹੈ। ਉਸਨੇ ਕਈ ਵਾਰ ਆਪਣੇ ਪੈਰ ਨੂੰ ਸੂਰਜ ਦੇ ਪੈਰ ਨਾਲ ਸਪਰਸ਼ ਕੀਤਾ ਹੈ ਪਰ ਉਸ ਤੇ ਇਸ ਗੱਲ ਦਾ ਕੋਈ ਵੀ ਅਸਰ ਨਹੀਂ ਹੁੰਦਾ ਜਾਪ ਰਿਹਾ। ਪ੍ਰੀਤ ਦੀ ਬੇਤਾਬੀ ਇੰਤਜ਼ਾਰ ਦੀਆਂ ਸਾਰੀਆਂ ਹੱਦਾਂ ਟੱਪਦੀ ਜਾ ਰਹੀ ਹੈ। ਉਹ ਆਪਣੇ ਮਹਿਬੂਬ ਦੇ ਮੂੰਹ ਤੋਂ ਆਪਣੇ ਜਨਮ-ਦਿਨ ਦੀ ਪਹਿਲੀ ਵਿਸ਼ ਸੁਣਨਾ ਚਾਹੁੰਦੀ ਹੈ ਪਰ ਉਸਦਾ ਮਹਿਬੂਬ ਉਸਦੇ ਲਾਗੇ ਹੁੰਦੇ ਹੋਏ ਵੀ ਜਿਵੇਂ ਉਸ ਤੋਂ ਕੋਹਾਂ ਦੂਰ ਲੱਗ ਰਿਹਾ ਹੈ। ਫੋਨ ਦੀ ਘੰਟੀ ਇਕ ਵਾਰ ਫਿਰ ਤੋਂ ਵੱਜਣੀ ਸ਼ੁਰੂ ਹੋ ਗਈ ਹੈ : "ਮੈਂ ਤੈਨੂੰ ਸਮਝਾਵਾਂ ਕੀ...ਤੇਰੇ..." ਉਹ ਰਿੰਗਟੋਨ ਦੇ ਗਾਣੇ ਦੀ ਬਿਰਹਾ ਨੂੰ ਹੰਢਾ ਰਹੀ ਹੈ। ਪ੍ਰੀਤ ਅੰਦਰੋ-ਅੰਦਰ ਸੁਲਗਣ ਲੱਗ ਪਈ ਹੈ ਤੇ ਪਾਸੇ ਵੱਟ-ਵੱਟ ਕੇ ਥੱਕ ਚੁੱਕੀ ਹੈ। ਉਸਦੀ ਬੇਸਬਰੀ ਦਾ ਬੰਨ੍ਹ ਟੁੱਟਦਾ ਜਾ ਰਿਹਾ ਹੈ। ਉਸਨੂੰ ਸਮਝ ਕੁਝ ਵੀ ਨਹੀਂ ਆ ਰਿਹਾ ਹੈ। ਉਹ ਇਨ੍ਹਾਂ ਅਮੁੱਲ ਪਲਾਂ ਨੂੰ ਗੁਆਉਣਾ ਨਹੀਂ ਚਾਹ ਰਹੀ ਹੈ ਪਰ ਉਹ ਕੀ ਕਰੇ ਉਸਦਾ ਅੰਤਰ-ਮਨ ਆਪਣੇ ਅਹੰਕਾਰ ਨੂੰ ਤਿਆਗ ਨਹੀਂ ਪਾ ਰਿਹਾ ਹੈ। ਦੂਸਰੇ ਪਾਸੇ ਇਹੋ ਅਵਸਥਾ ਉਸਦੇ ਮਰਦ ਦੀ ਵੀ ਹੈ। ਦੋਨੋਂ ਆਪਸ ਵਿੱਚ ਪਿਆਰ ਤਾਂ ਬਹੁਤ ਕਰਦੇ ਹਨ ਪਰ ਆਪਣੇ-ਆਪਣੇ ਅਹੰਕਾਰੀ ਮਨ ਤੋਂ ਅਗਾਂਹ ਵਧਣ ਵਿੱਚ ਅਸਮਰਥ ਹਨ। ਅਚਾਨਕ ਬਾਹਰੋਂ ਇਕ ਬੱਚੇ ਦੇ ਹੱਸਣ ਦੀ ਆਵਾਜ਼ ਆਉਂਦੀ ਹੈ। ਦੂਸਰੀ ਵਾਰ ਫਿਰ ਬੱਚੇ ਦੇ ਹੱਸਣ ਦੀ ਆਵਾਜ਼ ਆਉਂਦੀ ਹੈ। ਉਸਦਾ ਅੰਗ-ਅੰਗ ਖਿਲ ਉੱਠਦਾ ਹੈ। ਉਸਦੇ ਪੂਰੇ ਸਰੀਰ ਅੰਦਰ ਇਕ ਰੰਗੀਨ ਤਰੰਗ ਦੌੜ ਪੈਂਦੀ ਹੈ। ਉਸਨੂੰ ਆਪਣਾ ਤਨ-ਮਨ ਬਸੰਤ-ਬਹਾਰ ਜਿਹਾ ਦਿੱਖਣ ਲੱਗ ਪੈਂਦਾ ਹੈ। ਬੱਚਿਆਂ ਦੇ ਹੱਸਣ ਦੀ ਆਵਾਜ਼ ਅਜੇ ਵੀ ਲਗਾਤਾਰ ਆ ਰਹੀ ਹੈ ਪਰ ਹੁਣ ਇਹ ਆਵਾਜ਼ ਬਾਹਰੋਂ ਨਹੀਂ ਉਸਨੂੰ ਆਪਣੇ ਅੰਦਰੋਂ ਆਉਂਦੀ ਮਹਿਸੂਸ ਹੋ ਰਹੀ ਹੈ। ਉਸਨੂੰ ਆਪਣੀ ਸੰਪੂਰਨ ਦੇਹ ਤੇ ਸੂਰਜ ਦੀ ਧੁੱਪ ਦਾ ਨਿੱਘ ਮਹਿਸੂਸ ਹੁੰਦਾ ਪ੍ਰਤੀਤ ਹੋ ਰਿਹਾ ਹੈ। ਸੂਰਜ ਤੇ ਸਵੇਰ ਸਭ ਕੁਝ ਭੁੱਲ ਕੇ ਇਕ ਦੂਜੇ ਦੇ ਵਿਚ ਇਉਂ ਘੁਲ ਗਏ ਹਨ ਜਿਵੇਂ ਸ਼ਹਿਦ ਵਿਚ ਮਿਠਾਸ। ਬੱਚਿਆਂ ਦੇ ਹੱਸਣ ਦੀ ਆਵਾਜ਼ ਅਜੇ ਵੀ ਲਗਾਤਾਰ ਆ ਰਹੀ ਹੈ। ਸੂਰਜ ਨੇ ਸਵੇਰ ਨੂੰ ਆਪਣੀ ਮਜ਼ਬੂਤ ਗਲਵੱਕੜੀ 'ਚ ਲੈ ਲਿਆ ਹੈ।



# ਬਾਕੀ ਸਭ ਨੂੰ ਜੋ ਮੈਂ ਕਰ ਰਿਹਾ...

- ਰਾਜੇਸ਼ ਗੁਪਤਾ



ਜਾਣੇ ਅਣਜਾਣੇ ਜਦ ਕਦੇ
ਜਗਦੀ ਹੈ ਇਕ ਜੋਤ ਮੇਰੀ ਰੂਹ ਅੰਦਰ
ਤਾਂ ਜਨਮਦਾ ਹੈ ਕੁਝ ਅਲੱਗ
ਕੁਝ ਵੱਖਰਾ ਜਿਹਾ ਸੱਚ,
ਉਹ ਜੋਤ ਦਿੰਦੀ ਹੈ ਜਾਨ-ਪ੍ਰਾਣ ਤੇ
ਇਕ ਖੂਬਸੂਰਤ ਰੂਹ, ਉਹਨਾਂ ਲਫ਼ਜ਼ਾਂ ਨੂੰ
ਜੋ ਜਨਮਦੇ ਹਨ
ਉਸ ਇਕ ਸੁਪਨੇ ਅੰਦਰ
ਜਦ ਬਖ਼ਸ਼ਦੀ ਹੈ ਕੁਦਰਤ ਮੈਨੂੰ
ਆਪਣੇ ਵਰਗੀ ਤਾਕਤ
ਕੁਝ ਨਵਾਂ, ਕੁਝ ਵੱਖਰਾ
ਕੁਝ ਅਜਨਮੇ ਨੂੰ
ਜਨਮ ਦੇਣ ਦਾ ਅਵਸਰ
ਤੇ ਉਸ ਪਲ ਜੋ ਵਾਪਰਦਾ ਹੈ ਮੇਰੇ ਤੇ
ਕੁਦਰਤ ਦਰਮਿਆਨ
ਇਹੀ ਹੈ ਮੇਰੀ ਜ਼ਿੰਦਗੀ ਦਾ ਸੱਚ
ਅਸਲੀ ਸੱਚ
ਬਾਕੀ ਸਭ ਝੂਠ ਏ
ਬਾਕੀ ਸਭ ਨੂੰ ਜੋ ਮੈਂ ਕਰ ਰਿਹਾ ਹਾਂ
ਝੂਠ ਸਮਝਿਆ ਜਾਵੇ।
ਕ੍ਰਾ

# ਮਾਂ

ਜ਼ਿੰਦਗੀ ਦੇ ਦ੍ਰਿਸ਼ਟੀਕੋਣ ਦਾ
ਇਹੋ ਮਾਪਦੰਡ ਹੈ
ਕਿ ਆਪਣੇ ਬਾਰੇ ਸੋਚਣ ਦਾ ਸਮਾਂ ਹੀ ਨਹੀਂ ਲਗਦਾ
ਤੇ ਕਦੇ ਇਕੱਲਾ ਬੈਠਾਂ
ਤਾਂ ਸੋਚਣ ਦਾ ਮੌਕਾ ਮਿਲਦਾ ਹੈ
ਜ਼ਿੰਦਗੀ ਦੀ ਗੁੰਝਲਦਾਰ ਤਾਣੇ-ਬਾਣੇ ਵਿਚ
ਐਸਾ ਉਲਝ ਜਾਂਦਾ ਹੈ ਇਨਸਾਨ
ਕਿ ਕੁਝ ਸਮਝ ਹੀ ਨਹੀਂ ਆਉਂਦਾ,
ਬਜ਼ੁਰਗਾਂ ਵਿਚ ਖੜ੍ਹ ਜਾਵਾਂ
ਤਾਂ ਲਗਦਾ ਹੈ
ਅਜੇ ਮੈਂ ਬੱਚਾ ਹੀ ਹਾਂ
ਤੇ ਜਦ ਕਦੇ ਖੜ੍ਹ ਜਾਵਾਂ
ਬੱਚਿਆਂ ਵਿਚ ਤਾਂ ਲਗਦਾ ਹੈ
ਬਜ਼ੁਰਗ ਹੋਣ ਜਾ ਰਿਹਾ ਹਾਂ
ਸਾਹਮਣੇ ਖੜ੍ਹੀ ਇਕ ਜਵਾਨ ਹੋ ਰਹੀ
ਪੰਦ੍ਰਾਂ-ਸੋਲ੍ਹਾਂ ਸਾਲ ਦੀ ਖ਼ੂਬਸੂਰਤ ਲੜਕੀ
ਜਦ ਆਖਦੀ ਹੈ ਅੰਕਲੋ
ਤਾਂ
ਹੈਰਾਨ ਹੋ ਜਾਂਦਾ ਹਾਂ
ਸੁਣਕੇ ਉਸਦੀ ਆਵਾਜ਼
ਵੇਖਦਾ ਹਾਂ ਸ਼ੀਸ਼ੇ ਅੰਦਰ ਆਪਣਾ ਹੀ ਚਿਹਰਾ
ਕਿ ਮੈਂ ਅੰਕਲ ਕਦੋਂ ਦਾ ਹੋ ਗਿਆ ਹਾਂ
ਨਹਾਉਣ-ਧੋਣ ਤੋਂ ਬਾਅਦ
ਮੈਨੂੰ ਲਗਦਾ ਹੈ
ਕਿ ਮੈਂ ਜਵਾਨ ਹੋ ਗਿਆ ਹਾਂ
ਮੈਨੂੰ ਦਾੜ੍ਹੀ-ਸ਼ੇਵ ਬਨਾਉਣ ਤੋਂ ਬਾਅਦ
ਮੈਂ ਲਗਦਾ ਹਾਂ ਜਵਾਨ ਇਕਦਮ
ਛੈਲ-ਛਬੀਲਾ ਨੌਜਵਾਨ

ਪਰ ਜਦ ਫਿਰ ਇਕ ਉਵੇਂ ਦੀ
ਉਸੇ ਉਮਰ ਦੀ ਲੜਕੀ
ਮੈਨੂੰ ਫਿਰ ਅੰਕਲ ਆਖਕੇ ਬੁਲਾਉਂਦੀ ਹੈ
ਤਾਂ ਫਿਰ ਤੋਂ ਵੇਖਦਾ ਹਾਂ
ਆਪਣੇ ਚਿਹਰੇ ਨੂੰ ਸ਼ੀਸ਼ੇ ਵਿਚ
ਤਾਂ ਫਿਰ ਐਨਕ ਲਗਾ ਕੇ ਗ਼ੌਰ ਨਾਲ ਤੱਕਦਾ ਹਾਂ
ਆਪਣੇ ਹੀ ਚਿਹਰੇ ਦੀ ਚਮੜੀ ਨੂੰ
ਜੋ ਵਾਕਿਆ ਹੀ ਥੋੜ੍ਹੀ ਝੁਲਸ ਗਈ ਹੈ
ਸ਼ਾਇਦ ਧੁੱਪ ਨਾਲ
ਸੋਚਦਾ ਹਾਂ
ਤੇ ਵੇਖਦਾ ਹਾਂ
ਆਪਣੀਆਂ ਮੁੱਛਾਂ ਦੇ
ਕਿਤੋਂ-ਕਿਤੋਂ ਸਫ਼ੈਦ ਹੋ ਗਏ ਵਾਲਾਂ ਨੂੰ
ਫਿਰ ਸੋਚਦਾ ਹਾਂ
ਕਿ ਮੈਨੂੰ ਜ਼ਿਆਦਾ ਧੁੱਪ ਨਹੀਂ ਸੇਕਣੀ ਚਾਹੀਦੀ
ਕਿਉਂਕਿ ਧੁੱਪ ਨੇ ਸਫ਼ੈਦ ਕਰ ਦਿੱਤੇ ਹਨ ਮੇਰੇ ਵਾਲ
ਤੇ ਝੁਲਸਾ ਦਿੱਤੀ ਹੈ ਮੇਰੇ ਚਿਹਰੇ ਦੀ ਚਮੜੀ
ਆਪਣੇ ਮਨ ਨੂੰ ਸਮਝਾ ਰਿਹਾ ਹਾਂ
ਤਾਂ ਅਚਾਨਕ ਅੱਖਾਂ ਅੱਗੇ ਇਕ ਅਕਸ ਉੱਭਰਦਾ ਹੈ
ਝੁਰੜੀਆਂ ਭਰਿਆ ਇਕ ਚਿਹਰਾ
ਜਿਸ ਵਿਚ ਮਾਂ ਦੀ ਰੂਹ ਦਿੱਸ ਰਹੀ ਹੈ
ਤੇ ਮਾਂ ਆਖਦੀ ਹੈ
ਵੇ ਪੁੱਤ...ਆ...ਮੇਰਾ ਬੱਚਾ
...ਮੇਰੇ ਗਲੇ ਲੱਗ ਜਾ
ਤੇ ਮੈਂ ਦੌੜ ਕੇ ਮਾਂ ਦੀ ਹਿੱਕ ਵਿਚ ਲੁਕ ਜਾਂਦਾ ਹਾਂ।

◆

## ਜ਼ਰੂਰੀ ਨੋਟ

ਲੇਖਕਾਂ ਨੂੰ ਬੇਨਤੀ ਹੈ ਕਿ 'ਪਾਲਿਕਾ ਸਮਾਚਾਰ' (ਹਿੰਦੀ, ਉਰਦੂ, ਪੰਜਾਬੀ) ਦੇ ਈ-ਬੁਕ ਪ੍ਰਕਾਸ਼ਿਤ ਹੋਣ ਤੇ ਮਿਹਨਤਾਨੇ ਦੀ ਅਦਾਇਗੀ ਆਰ.ਟੀ.ਜੀ.ਐਸ. ਦੇ ਮਾਧਿਅਮ ਨਾਲ ਹੋਵੇਗਾ। ਅੰਤ ਆਪਣੀਆਂ ਰਚਨਾਵਾਂ ਦੇ ਨਾਲ ਆਪਣਾ ਬੈਂਕ ਖਾਤਾ ਨੰਬਰ, ਬੈਂਕ ਦਾ ਨਾਂ, ਸ਼ਾਖਾ ਆਈ.ਐਫ.ਐਸ.ਸੀ. ਕੋਡ ਐਮ.ਆਈ.ਸੀ.ਆਰ. ਕੋਡ ਜ਼ਰੂਰ ਲਿਖ ਕੇ ਭੇਜੋ ਤਾਂ ਜੋ ਤੁਹਾਡੇ ਮਿਹਨਤਾਨੇ ਦੀ ਅਦਾਇਗੀ ਸਿੱਧੇ ਤੁਹਾਡੇ ਖਾਤੇ ਵਿੱਚ ਆਰ.ਟੀ.ਜੀ.ਐਸ. ਦੇ ਮਾਧਿਅਮ ਨਾਲ ਭੇਜੀ ਜਾ ਸਕੇ।

ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ। — ਸੰਪਾਦਕ

ਸੰਪਰਕ ਸੂਤਰ : ਸੰਪਾਦਕ, **ਪਾਲਿਕਾ ਸਮਾਚਾਰ** (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਨਵੀਂ ਦਿੱਲੀ-110001

ਫ਼ੋਨ : 41501354-70/3209 ਵੈੱਬਸਾਈਟ : **www.ndmc.gov.in**

ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ।

श्रम एव जयते
NDMC
नई दिल्ली नगरपालिका परिषद

**नई दिल्ली नगरपालिका परिषद्**

पालिका केन्द्र, संसद मार्ग, नई दिल्ली-***110001***